# ਗੁਰਮੁਖੀ ਪਾਠ ਅਭਿਆਸ

Centre of
DIVINE
knowledge
To know your Guru is to Love your Guru

# GURMUKHI READING COURSE

**No part of this publication may be reproduced, stored in a retrieval system, or transmitted in any form or by any means, electronic, mechanical, photocopying, recording, or otherwise, without written permission of the copyright owner. For information regarding permission, write to;**

**Sri Guru Granth Sahib Ji Academy Malaysia**

**2nd Floor, Wisma Tatt Khalsa, No. 24, Jalan Raja Alang,**

**50480 , Kuala Lumpur , Malaysia**

**Tel : +603-26971350, +6019-3143417, +6019**

**Email: sggsacademy@gmail.com ,**

**Website: www.sggsacademy.com**

**All Right reserved.**

**Published by Sri Guru Granth Sahib Ji Academy Publication**

**First Print: 500 Copies (2008)**

**Second Edition: 1000 Copies (2009)**

CONTENTS

CONTENTS......III
A BRIEF INTRODUCTION TO THE ACADEMY ......5
PREFACE......7
੧. ਗੁਰੂ ਨਾਨਕ ਦੇਵ ਜੀ ਦੀ ਬਾਲ ਲੀਲ੍ਹਾ...... ੮
੧.੧ ਗੁਰੂ ਜੀ ਨੇ ਖੇਤੀ ਹਰੀ ਕਰਨੀ......੯
੨. ਗੁਰੂ ਨਾਨਕ ਦੇਵ ਜੀ ਨੇ ਸੰਸਾਰੀ ਕੰਮ ਕਰਨੇ...... ੧੧
੨.੧ ਗੁਰੂ ਨਾਨਕ ਦੇਵ ਜੀ ਨੇ ਖੇਤੀ ਕਰਨੀ ...... ੧੧
੨.੨ ਬ੍ਰਿਛ ਦੀ ਛਾਂ ਅਚਲ ਰਹਿਨੀ ...... ੧੨
੩. ਗੁਰੂ ਜੀ ਕਾਮਰੂ ਦੇਸ਼ ਗਏ......੧੩
੪. ਪੰਜਾ ਸਾਹਿਬ ਦੀ ਸਾਖੀ ......੧੭
੫. ਗੁਰੂ ਜੀ ਠੱਗਾਂ ਦੇ ਨਗਰ ਗਏ...... ੨੦
੬. ਸ੍ਰੀ ਲਹਿਣਾ ਜੀ ਦਾ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਮਿਲਾਪ......੨੪
੭. ਭਾਈ ਜੀਵਾ ਜੀ ...... ੨੮
੮. ਖਡੂਰ ਸਾਹਿਬ ਦੇ ਮਲੂਕੇ ਚੌਧਰੀ ਦੀ ਸਾਖੀ ......੩੦
੯. ਸ੍ਰੀ ਗੁਰੂ ਅਮਰਦਾਸ ਜੀ ਨੇ ਸੇਵਾ ਅਰੰਭ ਕਰਨੀ ......੩੨
੧੦. ਲੰਗੜੇ ਦੀ ਲੱਤ ਪੂਰੀ ਕਰਨੀ......੩੬
੧੧. ਬੀਬੀ ਭਾਨੀ ਜੀ ਦੀ ਸੇਵਾ...... ੩੯
੧੨. ਸ੍ਰੀ ਗੁਰੂ ਰਾਮਦਾਸ ਜੀ......੪੦
੧੨.੧ ਗੁਰੂ ਜੀ ਦੀ ਨਿੱਤ ਕਿਰਿਆ ......੪੦
੧੨.੨ ਬਾਬਾ ਸ੍ਰੀ ਚੰਦ ਜੀ ਮਿਲਾਪ......੪੦
੧੩. ਮਾਤਾ ਖੀਵੀ ਜੀ ......੪੨
੧੪. ਭਾਈ ਮੰਝ ਜੀ......੪੭
੧੫. ਭਾਈ ਜਵਿਨ ਸਿੰਘ ਜੀ (ਬਾਈ ਜੇਤਾ ਜੀ)......੫੮

੧੬. ਪੀਰ ਬੁੱਧੂ ਸ਼ਾਹ ਜੀ ........................................................ ੬੯
੧੭. ਭਾਈ ਮਨੀ ਸਿੰਘ ਜੀ ........................................................ ੭੬
੧੮. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ........................................................ ੮੦

A BRIEF INTRODUCTION TO THE ACADEMY

# Sri Guru Granth Sahib Ji Academy Malaysia

"Aayoo sunan paren ko Bani"

The mortal has come to this world to hear and utter the Guru's word.

In 1708, our beloved 10th Master Sri Guru Gobind Singh Ji, blessed us with an everlasting gift of life - **DHAN SRI GURU GRANTH SAHIB JI**.

The alphabet, content and the message of the one Almighty was presented to us directly by our Gurus. Sikhs are truly blessed with an original and authentic source.

*Gurbani* is our Guru. Reading and understanding His message is our first step towards knowing our Guru.

The Sri Guru Granth Sahib Ji Academy Malaysia Trust was specifically set-up to address this need - to develop a systematic modular method for *Gurmat* Studies that helps bring Gurbani to everyone. Today, the Academy brings to you a systematic and comprehensive *Gurmat* education syllabus organized in a modular format, tailored to today's lifestyle.

The Academy's programs are designed with the aim of developing learned Sikhs who will be able to read and understand *Gurbani*, have pride in their rich heritage and celebrate the greatness of the Sikh religion.

The Academy currently offers the following courses:

- Learn Gurmukhi in 3-months Course
- Gurmukhi Reading Course
- Gurbani Foundation Course
- Sri Guru Granth Sahib Ji Course

**Learn Gurmukhi in 3-months Course**

This course is designed for adults. Using speed learning techniques and the phonics method, a beginner with no previous knowledge of the Gurmukhi alphabet is taught to read Sri Japji Sahib over a period of 12 hours. The course is conducted over a period of 12 weekends. This method has been tried and tested and over 800 students, with little or no knowledge of Gurmukhi, have been successfully able to read Sri Japji Sahib in front of the entire Gurdwara *sangat*.

**Gurmukhi Reading Course**

This course is presented to students who have successfully completed the Learn Gurmukhi in 3-months and for those who wish to improve their fluency reading in *Gurmukhi*.

**Gurbani Foundation Course**

Designed to build foundation knowledge of Reading *Gurbani*, this is an interactive course that works on developing confidence and interest of the participant. The focus will be on the pronunciation of alphabets, practise of *muharni* and understanding sound origination. In additional the greatness and importance of Gurbani will be discussed. Upon completion the participants will be eligible to for enrolment into the Sri Guru Granth Sahib Ji Course. With only 12 hours of investment over 6 weeks, students will be able to read fluently selected *banis* from *Panj Granthi*, *Varas* and *Bhagat Bani*.

**Sri Guru Granth Sahib Ji (“SGGS”) Course**

This course is designed to give students wider knowledge and a deeper understanding of Sri Guru Granth Sahib Ji. It also covers lessons on the history of Bhagats and Gurus.

- **SGGS reading** – uses an interactive method to encourage students to read in a group and thereby improve by listening.

- **Understanding Gurbani** – this is done by first describing the word, then interpretation of the line and lastly understanding the entire *shabad*’s conceptual meaning. The study also includes an introduction to historical facts in relation to *Gurbani*.

- **Sikh History** – this emphasises the learning of Sikh history including major milestones that helped shape the course of the Sikh religion.

The course is conducted over 8 semesters = 48 months = 128 weeks = 256 hrs

Currently, over 800 students are attending these courses at the Academy’s headquarters in Wisma Tatt Khalsa, Kuala Lumpur and sixteen (16) nationwide centres. The age group of the students ranges from as young as 5 to 70-years old. Here you will see families coming together once a week to attend classes, thus encouraging family bonding in accordance to the famous phrase - *“A family that prays together stays together” ( in this case learns Gurbani together)*.

All these courses provide a means for Sikhs to understand their religion, learn about their heritage and most importantly, connect us with Guruji, Our Creator.

The entire syllabus is prepared by Malaysians based on globally accepted references within Sikh communities across the globe.

Do join the Sri Guru Granth Sahib Ji Academy to develop your spiritual interest. Learn to read *Gurbani* and relate it with the history of our Gurus, in order to have a better understanding of *Gurbani*. It is through *Gurbani* that we learn to live a more virtuous life. It is the divine route towards a spiritually enlightened life by which the reality of truth is realized through our eternal Guru. This is the true path to a blissful, contented, merciful and meaningful life.

All you need to bring along is the thirst for knowledge and your commitment to achieve your goal, for Bhai Gurdass Ji says in Kabit 111:

**Charan saran gur aek paindaa jaa-i chal**

**Satgur kot paindaa aagay ho-i layt hai**

*Walk even one step towards the Feet of the Guru;*

*And the True Guru will walk millions of steps to welcome you.*

To Know Your Guru, Is To Love Your Guru

# PREFACE

Gurmukhi Reading Course aims to provide an intensive training to those who wish to improve their fluency reading in *Gurmukhi*. This course is designed to build the confidence of those who have successfully completed the Learn Gurmukhi in 3-months before proceeding to Gurbani Foundation Course. The reading material comprises various historical events that took place in building the Sikh religion by enriching it with fine qualities of an ideal human being and attaining union with Almighty. The contents are based on the authentic and prominent historical references and evidence which is truly comprehensive.

Whilst the reading practice, the participant will also build knowledge of the rich heritage comprising kindness, courage, humanity, self-sacrifice and many other essential qualities.

It is hoped that by reading this book, readers, will have a glimpse of the unparalleled history of the Sikhs.

We would like to stress that this is a modest attempt to contribute to the Sikh community and whilst every effort has been taken to ensure that the quality and accuracy of the information is of the highest standards, there is still room for improvements.

We also look forward to your valuable feedback so that we can improve this 1st edition. We are a very young group and thus have a lot to learn and improve. It is only with the Blessings of our beloved Guruji and HIS beloved Gursikhs that we will be able to improvise the current work in the service of Khalsa Panth.

In the service of Khalsa Panth

Editorial Board

**Sri Guru Granth Sahib Ji Academy Malaysia**

# ੧. ਗੁਰੂ ਨਾਨਕ ਦੇਵ ਜੀ ਦੀ ਬਾਲ ਲੀਲ੍ਹਾ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਇ ਭੋਇ ਦੀ ਤਲਵੰਡੀ ਵਿਚ ਸੰਮਤ ੧੫੨੬ ਬ੍ਰਿਕਮੀ ੨੧ ਕੱਤਕ (ਕੱਤਕ ਦੀ ਪੂਰਨਮਾਸ਼ੀ) ਮੁਤਾਬਿਕ ੨੦ ਅਕਤੂਬਰ ੧੪੬੯ ਈਸ਼ਵੀ, ਨੂੰ ਪ੍ਰਕਾਸ਼ ਲਿਆ। ਉਹ ਅਸਥਾਨ ਹੁਣ ਪਾਕਿਸਤਾਨ ਦੇ ਜ਼ਿਲਾ ਸ਼ੇਖੂਪੁਰਾ ਵਿੱਚ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਤੋਂ ਬਾਅਦ ਰਾਇ ਬੁਲਾਰ ਨੇ ਰਾਇ ਭੋਇ ਦੀ ਤਲਵੰਡੀ ਦਾ ਨਾਮ ਬਦਲ ਕੇ ਨਨਕਾਣਾ ਸਾਹਿਬ ਰੱਖ ਦਿੱਤਾ। ਗੁਰੂ ਜੀ ਦੇ ਪਿਤਾ ਜੀ ਦਾ ਨਾਮ ਮਹਿਤਾ ਕਲਿਆਨ ਚੰਦ ਜੀ ਸੀ। ਆਮ ਕਰਕੇ ਉਨ੍ਹਾਂ ਨੂੰ ਮਹਿਤਾ ਕਾਲੂ ਹੀ ਸੱਦਿਆ ਜਾਂਦਾ ਸੀ। ਗੁਰੂ ਜੀ ਦੀ ਮਾਤਾ ਜੀ ਦਾ ਨਾਮ ਮਾਤਾ ਤ੍ਰਿਪਤਾ ਜੀ ਸੀ। ਉਨ੍ਹਾਂ ਦੀ ਇੱਕ ਭੈਣ ਸੀ। ਉਹ ਉਮਰ ਵਿਚ ਉਨ੍ਹਾਂ ਨਾਲੋਂ ਪੰਜ ਸਾਲ ਵੱਡੀ ਸੀ। ਉਸਦਾ ਨਾਮ ਬੇਬੇ ਨਾਨਕੀ ਜੀ ਸੀ। ਆਪ ਜੀ ਦੇ ਚਾਚਾ ਜੀ ਦਾ ਨਾਮ ਲਾਲ ਚੰਦ ਜੀ ਸੀ।

ਗੁਰੂ ਜੀ ਦਾ ਦਾਦਕਾ ਪਿੰਡ ਡੇਰਾ ਸਾਹਿਬ (ਪਠੇ ਵਿੰਡ), ਜੋ ਜ਼ਿਲ੍ਹਾ ਅੰਮ੍ਰਿਤਸਰ ਵਿਚ ਤਰਨ ਤਾਰਨ ਸਾਹਿਬ ਤੋਂ ਵੀਹ ਕੁ ਕਿਲੋ ਮੀਟਰ ਦੂਰ ਹੈ। ਆਪ ਜੀ ਦੇ ਨਾਨਕੇ ਲਾਹੌਰ ਤੋਂ ਘਵਿੰਦੀ ਜਾਂਦਿਆਂ ੩੫ ਕਿਲੋ ਮੀਟਰ ਦੂਰ ਪਿੰਡ ਡੇਹਰਾ ਚਾਹਲ ਵਿਚ ਸਨ। ਬੇਬੇ ਨਾਨਕੀ ਜੀ ਦਾ ਜਨਮ ਨਾਨਕੇ ਪਿੰਡ ਹੀ ਹੋਇਆ। ਗੁਰੂ ਜੀ ਦੇ ਇਥੇ ਨਾਨਕੇ ਹੋਣ ਕਰਕੇ ਕਈ ਵਾਰੀ ਚਰਨ ਪਾਏ। ਗੁਰੂ ਜੀ ਦੇ ਨਾਨਾ ਭਾਈ ਰਾਮਾ ਜੀ, ਨਾਨੀ ਭਿਰਾਈ ਜੀ, ਮਾਮਾ ਕ੍ਰਿਸ਼ਨਾ ਜੀ ਸਨ।

ਗੁਰੂ ਨਾਨਕ ਦੇਵ ਜੀ ਜਦੋਂ ਪੰਜ ਕੁ ਸਾਲ ਦੇ ਹੋਏ ਤਾਂ ਆਪ ਜੀ ਹਾਣੀ ਬਾਲਕਾਂ ਨਾਲ ਖੇਡਦੇ ਅਤੇ ਮੂੰਹੋਂ ਭਾਓ–ਭਗਤੀ ਦੇ ਬਚਨ ਕਰਦੇ ਰਹਿੰਦੇ ਸਨ। ਬਾਲਕ ਪ੍ਰੇਮ ਨਾਲ ਗੁਰੂ ਜੀ ਦੇ ਬਚਨ ਸੁਣ ਕੇ, ਆਪ ਜੀ ਦੀ ਸੰਗਤ ਨਹੀਂ ਛੱਡਦੇ ਸਨ। ਆਉਂਦੇ ਜਾਂਦੇ ਮਨੁੱਖ ਵੀ ਗੁਰੂ ਜੀ ਦੇ ਮਿੱਠੇ ਬਚਨ ਸੁਣ ਕੇ ਆਖਦੇ ਇਹ ਬਾਲਕ ਬਾਲ ਉਮਰ ਵਿਚ ਅਮੋਲਕ ਬਚਨ ਬੋਲ ਰਿਹਾ ਹੈ। ਜਦ ਗੁਰੂ ਜੀ ਪੜ੍ਹਨ ਦੇ ਲਾਇਕ ਹੋਏ ਤਾਂ ਉਨ੍ਹਾਂ ਨੂੰ ਪਹਿਲਾਂ ਪਿਤਾ ਜੀ ਨੇ ਗੋਪਾਲ ਦੱਤ ਪਾਂਧੇ ਪਾਸ ਪੜ੍ਹਨੇ ਪਾਇਆ। ਦੋ ਕੁ ਦਿਨ ਗੁਰੂ ਜੀ ਪਾਂਧੇ ਪਾਸ ਪੜ੍ਹਦੇ ਰਹੇ। ਤੀਸਰੇ ਦਿਨ ਗੁਰੂ ਜੀ ਨੇ ਬਾਣੀ ਉਚਾਰ ਕੇ ਉਸ ਨੂੰ ਉਪਦੇਸ਼ ਦੇ ਕੇ ਨਿਹਾਲ ਕੀਤਾ। ਪਾਂਧੇ ਨੇ ਬਾਬਾ ਕਾਲੂ ਜੀ ਨੂੰ ਕਿਹਾ, ਤੁਹਾਡੇ ਪੁੱਤਰ ਨੇ ਪਹਿਲਾਂ ਹੀ ਸਭ ਕੁਝ ਪੜ੍ਹਿਆ ਹੋਇਆ ਹੈ। ਇਸ ਨੂੰ ਪੜ੍ਹਨ ਦੀ ਕੋਈ ਲੋੜ ਨਹੀਂ।

ਫਿਰ ਪਿਤਾ ਜੀ ਨੇ ਗੁਰੂ ਜੀ ਨੂੰ ਨੂਰਦੀਨ ਮੁੱਲਾਂ ਪਾਸ ਫ਼ਾਰਸੀ ਪੜ੍ਹਨੇ ਪਾਇਆ। ਦੋ ਕੁ ਦਿਨ ਪੜ੍ਹਨ ਤੋਂ ਬਾਅਦ ਮੁੱਲਾਂ ਨੂੰ ਵੀ ਫ਼ਾਰਸੀ ਵਿਚ ਬਾਣੀ ਉਚਾਰ ਕੇ ਉਪਦੇਸ਼ ਦੇ ਕੇ ਨਿਹਾਲ ਕੀਤਾ। ਇਸ ਤਰ੍ਹਾਂ ਗੁਰੂ ਜੀ ਦੀਆਂ ਬਾਲ ਉਮਰ ਦੀਆਂ ਗੱਲਾਂ ਬੜੀਆਂ ਅਸਚਰਜ ਸਨ। ਉਨ੍ਹਾਂ ਨੂੰ ਗੁਰੂ ਜੀ ਦੀ ਬਾਲ ਲੀਲ੍ਹਾ ਕਹਿੰਦੇ ਹਨ।

ਗੁਰੂ ਜੀ ਦਾ ਦਿਲ ਬੜਾ ਦਇਆ ਨਾਲ ਭਰਿਆ ਸੀ। ਜਦ ਵੀ ਕਿਸੇ ਗ਼ਰੀਬ–ਗੁਰਬੇ ਜਾਂ ਨੰਗੇ ਭੁੱਖੇ ਨੂੰ ਵੇਖਦੇ ਤਾਂ ਉਸਨੂੰ ਕੁਝ ਨਾ ਕੁਝ ਜ਼ਰੂਰ ਦਿੰਦੇ। ਗੁਰੂ ਜੀ ਹਰ ਵੇਲੇ ਪ੍ਰਮੇਸ਼ਰ ਦਾ ਨਾਮ ਲੈਂਦੇ ਰਹਿੰਦੇ ਅਤੇ ਸੰਗੀਆਂ ਸਾਥੀਆਂ ਨੂੰ ਵੀ ਨਾਮ ਜਪਣ ਵੱਲ ਲਾਈ ਰੱਖਦੇ ਸਨ।

ਕੁਝ ਸਮੇਂ ਤੋਂ ਬਾਅਦ ਗੁਰੂ ਜੀ ਉਦਾਸ ਬ੍ਰਿਤੀ ਵਿਚ ਰਹਿਣ ਲੱਗ ਪਏ। ਇਹ ਵੇਖ ਕੇ ਕਈ ਆਖਦੇ ਸਨ ਕੇ ਇਸ ਬਾਲਕ ਨੂੰ ਛਾਇਆ ਚੰਬੜ ਗਈ ਹੈ। ਕਈ ਆਖਦੇ ਇਸ ਨੂੰ ਨਜ਼ਰ ਲੱਗ ਗਈ ਹੈ। ਦੁਨਿਆਵੀ ਲੋਕ ਗੁਰੂ ਜੀ ਦੇ ਕੌਤਕ ਨਹੀਂ ਸਨ ਜਾਣਦੇ। ਕੁਝ ਸਮਾਂ ਇਸ ਤਰ੍ਹਾਂ ਬੀਤ ਗਿਆ।

## ੧.੧ ਗੁਰੂ ਜੀ ਨੇ ਖੇਤੀ ਹਰੀ ਕਰਨੀ

ਬਾਬਾ ਕਾਲੂ ਜੀ ਨੇ ਸੋਚਿਆ ਇਨ੍ਹਾਂ ਦਾ ਦਿਲ ਨਹੀਂ ਲਗਦਾ, ਇਸ ਕਰਕੇ ਇਨ੍ਹਾਂ ਨੂੰ ਕਿਸੇ ਕੰਮ ਵਿਚ ਲਾਈਏ। ਇਹ ਸੋਚ ਕੇ ਬਾਬਾ ਕਾਲੂ ਜੀ ਨੇ ਗੁਰੂ ਜੀ ਨੂੰ ਕਿਹਾ, ਸਾਡੇ ਨੌਕਰ ਪਸ਼ੂਆਂ ਦੀ ਚੰਗੀ ਤਰ੍ਹਾਂ ਸਾਂਭ ਸੰਭਾਲ ਨਹੀਂ ਕਰਦੇ। ਤੁਸੀਂ ਕੱਲ੍ਹ ਤੋਂ ਗਊਆਂ, ਮੱਝਾਂ ਨੂੰ ਚਾਰ ਕੇ ਲਿਆਇਆ ਕਰੋ। ਗੁਰੂ ਜੀ ਨੇ ਸਤ ਬਚਨ ਆਖ ਕੇ ਕਿਹਾ ਪਿਤਾ ਜੀ, ਸਵੇਰ ਤੋਂ ਮੈਂ ਪਸ਼ੂ ਚਾਰ ਕੇ ਲਿਆਇਆ ਕਰਾਂਗਾ। ਗੁਰੂ ਜੀ ਦੂਜੇ ਦਿਨ ਸੂਰਜ ਚੜ੍ਹੇ ਪਸ਼ੂਆਂ ਨੂੰ ਚਾਰਨ ਵਾਸਤੇ ਲੈ ਗਏ। ਸਾਰਾ ਦਿਨ ਜੰਗਲ ਵਿਚ ਪਸ਼ੂ ਚਰਦੇ ਰਹੇ, ਸ਼ਾਮ ਵੇਲੇ ਪਸ਼ੂਆਂ ਨੂੰ ਘਰ ਲੈ ਆਏ। ਬਾਬਾ ਕਾਲੂ ਜੀ ਇਹ ਵੇਖ ਕੇ ਬਹੁਤ ਖ਼ੁਸ਼ ਹੋਏ।

ਗੁਰੂ ਜੀ ਹਰ ਰੋਜ਼ ਪਸ਼ੂਆਂ ਨੂੰ ਚਾਰਨ ਵਾਸਤੇ ਲੈ ਜਾਂਦੇ। ਇਕ ਦਿਨ ਗੁਰੂ ਜੀ ਆਰਾਮ ਕਰਨ ਲੱਗ ਪਏ। ਪਸ਼ੂ ਕਣਕ ਦੀ ਇਕ ਪੈਲ਼ੀ (field of standing crops) ਵਿਚ ਵੜ ਗਏ ਤੇ ਕਣਕ ਦਾ ਸਾਰਾ ਖੇਤ ਚਰ ਕੇ ਉਸੇ ਵਿਚ ਬੈਠ ਗਏ॥ ਇਤਨੇ ਸਮੇਂ ਵਿਚ ਖੇਤ ਦਾ ਮਾਲਕ ਆ ਗਿਆ। ਪੈਲ਼ੀ ਦਾ ਮਾਲਕ ਕਹਿਣ ਲੱਗਾ ਕਿ 'ਮੇਰੀ ਪੈਲ਼ੀ ਕਿਸ ਢੀਠ ਨੇ ਨਿਖਸਮੀ (without master) ਜਾਣ ਕੇ ਉਜਾੜ ਦਿੱਤੀ ਹੈ'। ਇਤਨੀ ਗੱਲ ਸੁਣ ਕੇ ਗੁਰੂ ਜੀ ਜਾਗ ਪਏ ਤੇ ਪੈਲ਼ੀ ਵਿਚੋਂ ਪਸ਼ੂ ਬਾਹਰ ਕੱਢਣ ਲੱਗ

ਪਏ। ਜ਼ਿਮੀਂਦਾਰ ਨੇ ਕਿਹਾ! ਖੇਤ ਦਾ ਉਜਾੜਾ ਭਰ ਨਹੀਂ ਤਾਂ ਰਾਇ ਬੁਲਾਰ ਪਾਸ ਚੱਲ। ਉਸਨੇ ਗੁਰੂ ਜੀ ਨਾਲ ਝਗੜਦੇ ਨੇ ਰਾਇ ਬੁਲਾਰ ਪਾਸ ਜਾ ਸ਼ਿਕਾਇਤ ਕੀਤੀ ਕਿ ਤੁਹਾਡੇ ਪਟਵਾਰੀ ਦੇ ਪੁੱਤਰ ਨੇ ਮੇਰੀ ਕਣਕ ਦੀ ਸਾਰੀ ਫਸਲ ਉਜਾੜ ਦਿੱਤੀ ਹੈ। ਹੇ ਰਾਜਨ! ਮੇਰਾ ਨਿਆਂ ਕਰੋ। ਇਹ ਸੁਣ ਕੇ ਰਾਇ ਬੁਲਾਰ ਨੇ ਬਾਬਾ ਕਾਲੂ ਜੀ ਨੂੰ ਬੁਲਾ ਕੇ ਕਿਹਾ ਕਿ ਤੇਰਾ ਪੁੱਤਰ ਮਸਤਾਨਾ ਹੈ, ਇਸ ਨੂੰ ਪਸ਼ੂ ਚਾਰਨ ਵਾਸਤੇ ਕਿਉਂ ਘੱਲਿਆ ਹੈ।

ਸਤਿਗੁਰੂ ਜੀ ਨੇ ਰਾਇ ਬੁਲਾਰ ਤੋਂ ਇਸ ਤਰਾਂ ਦੇ ਬਚਨ ਸੁਣ ਕੇ ਕਿਹਾ! ਪਸ਼ੂਆਂ ਨੇ ਖੇਤ ਦਾ ਕੋਈ ਨੁਕਸਾਨ ਨਹੀਂ ਕੀਤਾ। ਖੇਤੀ ਉਸੇ ਤਰ੍ਹਾਂ ਹੀ ਹਰੀ-ਭਰੀ ਹੈ। ਜ਼ਿਮੀਂਦਾਰ ਨੇ ਕਿਹਾ ਇਸਨੇ ਮੇਰੀ ਖੇਤੀ ਸਾਰੀ ਉਜਾੜ ਦਿੱਤੀ ਹੈ। ਦੋਹਾਂ ਤੋਂ ਇਸ ਤਰ੍ਹਾਂ ਸੁਣ ਕੇ ਰਾਇ ਬੁਲਾਰ ਨੇ ਇਕ ਆਦਮੀ ਨੂੰ ਖੇਤ ਵੇਖਣ ਵਾਸਤੇ ਭੇਜਿਆ। ਸਤਿਗੁਰਾਂ ਦੇ ਬਚਨਾਂ ਨਾਲ ਖੇਤੀ ਉਸੇ ਤਰ੍ਹਾਂ ਹਰੀ-ਭਰੀ ਹੋ ਗਈ। ਕਣਕ ਦਾ ਖੇਤ ਉਸੇ ਤਰ੍ਹਾਂ ਹਰਾ-ਭਰਾ ਵੇਖ ਕੇ, ਉਸ ਮਨੁੱਖ ਨੇ ਆ ਕੇ ਕਿਹਾ ਕਿ ਜ਼ਿਮੀਂਦਾਰ ਝੂਠੀ ਦੁਹਾਈ ਦੇ ਰਿਹਾ ਹੈ।

ਜਦੋਂ ਜ਼ਿਮੀਂਦਾਰ ਨੇ ਇਸ ਤਰ੍ਹਾਂ ਦੇ ਬਚਨ ਸੁਣੇ ਤਾਂ ਆਪ ਵੇਖਣ ਗਿਆ। ਉਸੇ ਤਰ੍ਹਾਂ ਕਣਕ ਹਰੀ-ਭਰੀ ਵੇਖ ਕੇ ਹੈਰਾਨ ਹੋ ਗਿਆ ਅਤੇ ਸ਼ਰਮਿੰਦਾ ਹੋ ਕੇ ਰਾਇ ਬੁਲਾਰ ਪਾਸ ਵਾਪਸ ਨਾ ਗਿਆ। ਰਾਇ ਬੁਲਾਰ ਨੇ ਜਾਣਿਆ ਜ਼ਿਮੀਂਦਾਰ ਝੂਠਾ ਹੈ। ਮਾੜੇ ਭਾਗਾਂ ਵਾਲਾ ਜ਼ਿਮੀਂਦਾਰ ਸਤਿਗੁਰਾਂ ਦੇ ਕੌਤਕ ਵੇਖ ਕੇ ਉਨ੍ਹਾਂ ਦੇ ਚਰਨੀਂ ਨ ਪੈ ਸਕਿਆ। ਬਾਬਾ ਕਾਲੂ ਜੀ ਅਤੇ ਸਤਿਗੁਰੂ ਜੀ ਘਰ ਨੂੰ ਵਾਪਸ ਆ ਗਏ। ਜਿਸ ਜਗ੍ਹਾ ਗੁਰੂ ਜੀ ਦੇ ਬਚਨਾਂ ਨਾਲ ਖੇਤੀ ਹਰੀ ਹੋਈ ਸੀ, ਉਸ ਜਗ੍ਹਾ ਹੁਣ ਗੁਰਦੁਆਰਾ ਕਿਆਰਾ ਸਾਹਿਬ ਬਣਿਆ ਹੋਇਆ ਹੈ।

# ੨. ਗੁਰੂ ਨਾਨਕ ਦੇਵ ਜੀ ਨੇ ਸੰਸਾਰੀ ਕੰਮ ਕਰਨੇ

## ੨.੧ ਗੁਰੂ ਨਾਨਕ ਦੇਵ ਜੀ ਨੇ ਖੇਤੀ ਕਰਨੀ

ਇਕ ਦਿਨ ਬਾਬਾ ਕਾਲੂ ਜੀ ਨੇ ਪ੍ਰੇਮ ਨਾਲ ਗੁਰੂ ਜੀ ਨੂੰ ਕਿਹਾ, "ਹੇ ਪੁੱਤਰ! ਤੂੰ ਹੁਣ ਸਿਆਣਾ ਹੋ ਗਿਆ ਹੈਂ। ਪਸ਼ੂ ਚਾਰਨੇ ਛੱਡ ਕੇ ਗਊਆਂ ਦੇ ਵੱਗ ਵਿਚੋਂ ਦੋ ਚੰਗੇ ਬਲਦ ਲੈ, ਹਲ ਤੇ ਬੀਜ ਘਰੋਂ ਲੈ ਤੇ ਨੌਕਰ ਨੂੰ ਨਾਲ ਲੈ ਕੇ ਪੈਲ਼ੀ ਬੀਜ। ਉਸ ਫਸਲ ਨੂੰ ਪਾਣੀ ਨਾਲ ਸਿੰਜ ਕੇ ਪਸ਼ੂਆਂ ਤੋਂ ਰਾਖੀ ਕਰ। ਫਿਰ ਫਸਲ ਨੂੰ ਪਕਾ ਕੇ ਪਿੜ ਬਣਾ ਕੇ ਉਸ ਨੂੰ ਗਹੁਣਾ (take care) ਕਰ। ਜੇ ਤੂੰ ਬਹੁਤ ਅੰਨ ਲਿਆਵੇਂਗਾ ਤਾਂ ਤੇਰੇ ਨਾਲ ਹੋਰ ਕੁਝ ਕੁ ਨੌਕਰ ਰੱਖ ਦਿਆਂਗਾ। ਘਰ ਵਿਚ ਅਤੁੱਟ ਪਦਾਰਥ ਹੋ ਜਾਣਗੇ"। ਗੁਰੂ ਜੀ ਕਹਿਣ ਲੱਗੇ, "ਆਪ ਜੀ ਜਿਸ ਤਰ੍ਹਾਂ ਆਗਿਆ ਕਰੋਗੇ, ਮੈਂ ਉਸੇ ਤਰਾਂ ਹੀ ਕਰਾਂਗਾ"। ਉਦੋਂ ਬਾਬਾ ਕਾਲੂ ਜੀ ਨੇ ਘਰੋਂ ਬੀਜ ਦੇ ਕੇ ਇੱਕ ਕਾਮਾ ਨਾਲ ਭੇਜ ਦਿੱਤਾ। ਹਲ ਤੇ ਬੀਜ ਲੈ ਕੇ ਦੋਵੇਂ ਪੈਲ਼ੀ ਬੀਜਣ ਗਏ। ਪੈਲ਼ੀ ਵਾਹ ਕੇ ਸਾਰਾ ਬੀਜ, ਬੀਜ ਕੇ ਘਰ ਨੂੰ ਆ ਗਏ। ਬਾਬਾ ਕਾਲੂ ਜੀ ਇਹ ਵੇਖ ਕੇ ਬਹੁਤ ਖ਼ੁਸ਼ ਹੋਏ।

ਗੁਰੂ ਜੀ ਦੇ ਹੱਥਾਂ ਵਿਚ ਬਹੁਤ ਬਰਕਤ ਸੀ। ਤੀਜੇ ਦਿਨ ਸਾਰਾ ਬੀਜ ਉਗ ਪਿਆ ਤੇ ਪੈਲ਼ੀ ਹਰੀ ਹੋ ਗਈ। ਜਦੋਂ ਬਾਬਾ ਕਾਲੂ ਜੀ ਨੇ ਪੈਲ਼ੀ ਵੇਖੀ ਤਾਂ ਬਹੁਤ ਖ਼ੁਸ਼ ਹੋਏ ਅਤੇ ਸੋਚਣ ਲੱਗੇ ਕਿ ਮੇਰਾ ਪੁੱਤਰ ਬਹੁਤ ਵੱਡਾ ਜ਼ਿਮੀਂਦਾਰ ਬਣੇਗਾ।

ਇਸ ਨੂੰ ਮੈਂ ਇਕ ਵੱਖਰਾ ਪਿੰਡ ਦੇ ਦਿਆਂਗਾ। ਇਹ ਬਹੁਤੇ ਚੰਗੇ ਤਰੀਕੇ ਨਾਲ ਕਮਾਈ ਕਰਕੇ ਧਨ ਕਮਾਏਗਾ। ਇਸ ਤਰ੍ਹਾਂ ਮਨ ਵਿਚ ਸੋਚਣ ਲੱਗੇ । ਗੁਰੂ ਜੀ ਨੇ ਵਿਚਾਰ ਕੀਤੀ ਕਿ ਪਿਤਾ ਜੀ ਦੀ ਹਰ ਰੋਜ਼ ਹੀ ਧਨ ਦੀ ਤ੍ਰਿਸ਼ਨਾ ਵਧਦੀ ਜਾ ਰਹੀ ਹੈ। ਇਸ ਕਰਕੇ ਇਸ ਦਾ ਹੁਣੇ ਹੀ ਉਪਾਅ ਕਰੀਏ। ਇਨ੍ਹਾਂ ਦਾ ਧਨ ਕਮਾਉਣ ਦਾ ਝੋਰਾ ਮਿਟਾਈਏ। ਇਸ ਕਰਕੇ ਆਪ ਜੀ ਪੈਲੀ ਦੀ ਰਾਖੀ ਕਰਨ ਵਾਸਤੇ ਗਏ ਅਤੇ ਕਿਸੇ ਵੀ ਪਸ਼ੂ ਨੂੰ ਫਸਲ ਚਰਨ ਤੋਂ ਨਹੀਂ ਰੋਕਦੇ ਤੇ ਪਸ਼ੂ ਆਨੰਦ ਨਾਲ ਫਸਲ ਚਰਦੇ ਰਹਿੰਦੇ ਸਨ।

ਇਕ ਦਿਨ ਜਦੋਂ ਬਾਬਾ ਕਾਲੂ ਜੀ ਫਸਲ ਵੇਖਣ ਗਏ ਤਾਂ ਕੀ ਵੇਖਦੇ ਹਨ ਕਿ ਗੁਰੂ ਜੀ ਲਾਗੇ ਬੈਠੇ ਹਨ ਤੇ ਕਿਸੇ ਵੀ ਪਸ਼ੂ ਨੂੰ ਫਸਲ ਚਰਨ ਤੋਂ ਨਹੀਂ ਰੋਕਦੇ। ਇਸ ਤਰ੍ਹਾਂ ਵੇਖ ਕੇ ਬਾਬਾ ਕਾਲੂ ਜੀ ਨੂੰ ਬਹੁਤ ਗੁੱਸਾ ਆਇਆ ਤੇ ਮੂੰਹੋਂ ਬਹੁਤ ਖੋਟੇ ਬਚਨ ਬੋਲੇ ਤੇ ਆਖਣ ਲੱਗੇ, "ਮੈਂ ਆਪਣੇ ਬਹੁਤੇ ਮਾੜੇ ਭਾਗ ਜਾਣੇ ਹਨ। ਹੇ ਪੁੱਤਰ! ਜਦੋਂ

ਦਾ ਤੂੰ ਜਨਮਿਆ ਹੈ, ਮੇਰਾ ਘਰ ਉਜਾੜ ਦਿੱਤਾ ਹੈ। ਤੇਰੀ ਇਹੋ ਹੀ ਆਦਤ ਨਿੱਕੇ ਹੁੰਦਿਆਂ ਤੋਂ ਹੀ ਚੱਲੀ ਆ ਰਹੀ ਹੈ। ਤੂੰ ਘਰ ਦੀਆਂ ਚੀਜ਼ਾ ਗਵਾ ਕੇ ਘਰ ਖਾਲੀ ਕਰ ਦਿੱਤਾ ਹੈ। ਹੁਣ ਤੇਰੀ ਉਮਰ ਕਮਾਈ ਕਰਨ ਦੀ ਹੈ, ਤੂੰ ਖੋਟੇ ਕੰਮ ਕਰ ਰਿਹਾ ਹੈ। ਮੇਰੇ ਤੋਂ ਬਾਅਦ ਰੋਟੀ ਕਿਵੇਂ ਖਾਏਂਗਾ? ਤੂੰ ਇਕ ਦਿਨ ਘਰ ਛੱਡ ਕੇ ਫ਼ਕੀਰਾਂ ਨਾਲ ਰਲ ਜਾਏਂਗਾ”। ਇਸ ਤਰ੍ਹਾਂ ਬਾਬਾ ਕਾਲੂ ਜੀ ਬਹੁਤ ਕੌੜੇ ਬਚਨ ਬੋਲ ਕੇ ਘਰ ਨੂੰ ਆ ਗਏ।

## ੨.੨ ਬ੍ਰਿਛ ਦੀ ਛਾਂ ਅਚਲ ਰਹਿਣੀ

ਉਸ ਦਿਨ ਤੋਂ ਬਾਅਦ ਗੁਰੂ ਜੀ ਉਦਾਸ–ਉਦਾਸ ਰਹਿਣ ਲਗ ਪਏ। ਕੋਈ ਕੋਈ ਮਨੁੱਖ ਗੁਰੂ ਜੀ ਨੂੰ ਸ਼ਕਤੀ ਵਾਲੇ ਆਖਦੇ ਸਨ। ਦਿਨ ਵੇਲੇ ਗੁਰੂ ਜੀ ਨਗਰ ਤੋਂ ਬਾਹਰ ਇਕ ਬ੍ਰਿਛ ਦੀ ਛਾਵੇਂ ਬੈਠ ਜਾਂਦੇ। ਉਥੇ ਇਕੱਲੇ ਹੀ ਬਹੁਤਾ ਸਮਾਂ ਰਹਿੰਦੇ, ਕਿਸੇ ਦੇ ਨਾਲ ਬੋਲਦੇ ਨਹੀਂ। ਇਕ ਦਿਨ ਗੁਰੂ ਜੀ ਦੁਪਹਿਰੇ ਰੁੱਖ ਦੀ ਸੰਘਣੀ ਛਾਂਵੇਂ ਕੱਪੜਾ ਵਿਛਾ ਕੇ ਲੰਮੇ ਪਏ ਸਨ। ਜਦੋਂ ਕੁਝ ਕੁ ਸਮਾਂ ਹੋਇਆ ਤਾਂ ਰਾਇ ਬੁਲਾਰ ਉਸੇ ਰਸਤੇ ਤੋਂ ਕਿਸੇ ਪਾਸਿਓਂ ਆ ਰਿਹਾ ਸੀ। ਉਹ ਇਹ ਕੌਤਕ ਵੇਖ ਕੇ ਹੈਰਾਨ ਹੋ ਗਿਆ ਅਤੇ ਚੁੱਪ ਕਰਕੇ ਖਲੋ ਗਿਆ। ਸਾਥੀਆਂ ਨੂੰ ਕਿਹਾ, “ਤੁਸੀਂ ਸਾਰੇ ਅਸਚਰਜ ਕੌਤਕ ਵੇਖੋ ਸਾਰੇ ਰੁੱਖਾਂ ਦਾ ਪਰਛਾਂਵਾਂ ਫਿਰ ਗਿਆ ਹੈ। ਜਿਥੇ ਕਾਲੂ ਦੇ ਪੁੱਤਰ ਸੁੱਤੇ ਹਨ, ਉਸ ਦਾ ਪਰਛਾਂਵਾਂ ਨਹੀਂ ਢਲਿਆ। ਇਨ੍ਹਾਂ ਦੇ ਅੰਦਰ ਬਹੁਤ ਕਰਾਮਾਤ ਹੈ। ਇਹ ਅਵਤਾਰ ਹਨ, ਜੋ ਇਨ੍ਹਾਂ ਦੀ ਸੇਵਾ ਕਰਨਗੇ, ਉਨ੍ਹਾਂ ਦਾ ਜਨਮ ਮਰਨ ਦਾ ਚੱਕਰ ਕੱਟਿਆ ਜਾਵੇਗਾ”। ਇਹ ਅਸਚਰਜ ਕੌਤਕ ਮੈਂ ਦੂਜੀ ਵਾਰ ਵੇਖਿਆ ਹੈ। ਇਸ ਤਰ੍ਹਾਂ ਆਖ ਕੇ ਦੋਵੇਂ ਹੱਥ ਜੋੜ ਕੇ ਤੇ ਮੱਥਾ ਟੇਕਿਆ ਅਤੇ ਨਗਰ ਨੂੰ ਆ ਗਿਆ।

# ੩. ਗੁਰੂ ਜੀ ਕਾਮਰੂ ਦੇਸ ਗਏ

ਗੁਰੂ ਨਾਨਕ ਦੇਵ ਜੀ, ਭਾਈ ਬਾਲੇ ਤੇ ਮਰਦਾਨੇ ਨੂੰ ਨਾਲ ਲੈ ਕੇ ਕਾਮਰੂ ਦੇਸ਼ ਗਏ। (ਅੱਜ ਕਲ੍ਹ ਆਸਾਮ ਦਾ ਇਕ ਜ਼ਿਲ੍ਹਾ ਕਾਮਰੂਪ ਹੈ) ਉਸ ਸਮੇਂ ਉਥੇ ਮੰਤਰਾਂ–ਜੰਤਰਾਂ ਦਾ ਬਹੁਤ ਜ਼ੋਰ ਹੁੰਦਾ ਸੀ। ਗੁਰੂ ਜੀ ਜਾ ਕੇ ਸ਼ਹਿਰ ਦੇ ਬਾਹਰ ਇਕ ਦਰੱਖ਼ਤ ਦੀ ਛਾਵੇਂ ਬੈਠ ਗਏ। ਉਹਨਾਂ ਨੂੰ ਬੈਠਿਆ ਕੁਝ ਸਮਾਂ ਹੋਇਆ ਤਾਂ ਮਰਦਾਨੇ ਨੇ ਕਿਹਾ, “ਪ੍ਰਭੂ ਜੀ, ਮੈਨੂੰ ਭੁੱਖ ਬਹੁਤ ਲੱਗੀ ਹੈ, ਆਗਿਆ ਦਿਉ, ਸ਼ਹਿਰ ਜਾ ਕੇ ਭੋਜਨ ਛਕ ਆਵਾਂ”। ਗੁਰੂ ਜੀ ਨੇ ਕਿਹਾ, “ਮਰਦਾਨੇ, ਇਸ ਸ਼ਹਿਰ ਵਿਚ ਨਾ ਜਾਹ। ਇਹ ਦੁਖਦਾਈ ਅਸਥਾਨ ਹੈ”।

ਮਰਦਾਨੇ ਨੇ ਕਿਹਾ, “ਆਪ ਜੀ ਤਾਂ ਕੁਝ ਖਾਂਦੇ ਪੀਂਦੇ ਨਹੀਂ, ਮੈਨੂੰ ਡਰ ਦੇ ਕੇ ਸ਼ਹਿਰ ਵਿਚ ਜਾਣ ਤੋਂ ਰੋਕਦੇ ਹੋ । ਮੇਰਾ ਸਰੀਰ ਭੋਜਨ ਤੋਂ ਬਗ਼ੈਰ ਕਮਜ਼ੋਰ ਹੁੰਦਾ ਜਾ ਰਿਹਾ ਹੈ । ਗੁਰੂ ਜੀ ਨੇ ਕਿਹਾ, “ਚੰਗਾ, ਸ਼ਹਿਰ ਵਿਚ ਜਾ ਕੇ ਵੇਖ ਲੈ”।

ਮਰਦਾਨਾ ਭੋਜਨ ਛਕਣ ਵਾਸਤੇ ਸ਼ਹਿਰ ਵਿਚ ਗਿਆ। ਉਸ ਨੇ ਉਥੇ ਸੁੰਦਰ ਰੂਪ ਵਾਲੀਆਂ ਇਸਤਰੀਆਂ ਵੇਖੀਆਂ । ਉਹਨਾਂ ਨੇ ਸੁੰਦਰ ਸ਼ਿੰਗਾਰ ਕੀਤੇ ਸਨ। ਉਥੇ ਜੋ ਵੀ ਪਰਦੇਸੀ ਮਨੁੱਖ ਜਾਂਦਾ, ਉਸ ਨੂੰ ਉਹ ਤ੍ਰੀਮਤਾਂ ਮੰਤਰਾਂ ਦੇ ਬਲ ਨਾਲ ਵੱਸ ਵਿਚ ਕਰ ਕੇ, ਉਹਨਾਂ ਨਾਲ ਮੰਦੇ ਕਰਮ ਕਰਦੀਆਂ ਸਨ। ਐਸੀਆਂ ਵਿਭਚਾਰਨ ਜਨਾਨੀਆਂ ਆਪਣੇ ਪਤੀਆਂ ਨੂੰ ਆਪਣੇ ਵੱਸ ਵਿਚ ਰੱਖਦੀਆਂ ਸਨ।

ਜਦੋਂ ਉਹਨਾਂ ਨੇ ਮਰਦਾਨੇ ਨੂੰ ਵੇਖਿਆ ਤਾਂ ਉਹਨਾਂ ਵਿਚੋਂ ਇਕ ਨੇ ਮਰਦਾਨੇ ਦੇ ਗਲ ਵਿਚ ਮੰਤਰਿਆ ਤਾਗਾ ਪਾ ਦਿੱਤਾ। ਉਸੇ ਵੇਲੇ ਮਰਦਾਨਾ ਭੇਡੂ (sheep) ਬਣ ਗਿਆ। ਉਹਨਾਂ ਨੇ ਉਸ ਦੇ ਗਲ ਵਿਚ ਰੱਸੀ ਪਾ ਕੇ ਕਿੱਲੇ ਨਾਲ ਬੰਨ੍ਹ ਦਿੱਤਾ। ਉਦੋਂ ਮਰਦਾਨੇ ਦਾ ਕੋਈ ਚਾਰਾ ਨਾ ਚੱਲਿਆ ਤੇ ਮਨ ਵਿਚ ਸੋਚਣ ਲੱਗਾ, ਮੈਂ ਗੁਰੂ ਜੀ ਦਾ ਬਚਨ ਨਹੀਂ ਮੰਨਿਆ, ਇਸ ਕਰਕੇਂ ਮੈਂ ਇਥੇ ਫਸ ਗਿਆ ਹਾਂ। ਮੈਂ ਕਿਸੇ ਨੂੰ ਬੋਲ ਕੇ ਦੱਸ ਵੀ ਨਹੀਂ ਸਕਦਾ। ਚਿੱਤ ਵਿਚ ਇਸ ਤਰ੍ਹਾਂ ਸੋਚਿਆ ਕਿ ਜੇ ਗੁਰੂ ਜੀ ਸਾਰਿਆਂ ਦੇ ਅੰਦਰ ਦੀ ਜਾਣਦੇ ਹਨ ਤਾਂ ਮੈਨੂੰ ਆ ਕੇ ਛੁਡਾ ਲੈਣਗੇ ।

ਘਟ ਘਟ ਦੇ ਜਾਨਣਹਾਰ ਗੁਰੂ ਜੀ ਨੇ ਬਾਲੇ ਨੂੰ ਕਿਹਾ, “ਮਰਦਾਨੇ ਨੂੰ ਛੁਡਾ ਕੇ ਲਿਆਈਏ”। ਭਾਈ ਬਾਲੇ ਨੇ ਕਿਹਾ, “ਗੁਰੂ ਜੀ, ਮਰਦਾਨਾ ਕਿੱਥੇ ਹੈ?” ਗੁਰੂ ਜੀ ਨੇ ਕਿਹਾ, “ਉਸ ਨੂੰ ਮੰਤਰਾਂ ਦੇ ਬਲ ਨਾਲ ਭੇਡੂ ਬਣਾ ਕੇ ਬੰਨ੍ਹ ਦਿੱਤਾ ਹੈ”।

ਭਾਈ ਬਾਲੇ ਨੇ ਕਿਹਾ, "ਉਸ ਦੇ ਨਾਲ ਇਸੇ ਤਰ੍ਹਾਂ ਹੋਣਾ ਚਾਹੀਦਾ ਹੈ। ਆਪ ਜੀ ਦਾ ਬਚਨ ਨਹੀਂ ਮੰਨਿਆ। ਇਸ ਤਰ੍ਹਾਂ ਉਸ ਨੂੰ ਕੁਝ ਕੁ ਸਮੇਂ ਲਈ ਦੁਖੀ ਹੋ ਲੈਣ ਦਿਉ। ਛੇਤੀ ਨਾ ਛੁਡਾਓ, ਤਾਂ ਉਸ ਨੂੰ ਪਤਾ ਲੱਗ ਜਾਵੇਗਾ"।

ਗੁਰੂ ਜੀ ਨੇ ਕਿਹਾ, "ਬਾਲੇ, ਨਾਲ ਲਏ ਦੀ ਲੱਜਾ ਹੈ। ਉਸ ਕੋਲੋਂ ਭੁੱਖ ਜਰੀ ਨਹੀਂ ਜਾਂਦੀ। ਸਾਨੂੰ ਉਸ ਨਾਲ ਬਹੁਤ ਕੰਮ ਹੈ। ਸਾਨੂੰ ਚੇਤੇ ਕਰ ਰਿਹਾ ਹੈ। ਚਲੋ ਉਸ ਨੂੰ ਛੁਡਾਈਏ"। ਇਸ ਤਰ੍ਹਾਂ ਆਖ ਕੇ ਗੁਰੂ ਜੀ, ਭਾਈ ਬਾਲੇ ਨੂੰ ਨਾਲ ਲੈ ਕੇ ਤੁਰ ਪਏ। ਗੁਰੂ ਜੀ ਨੂੰ ਦੂਰੋਂ ਵੇਖ ਕੇ ਮਰਦਾਨਾ ਬਹੁਤ ਖ਼ੁਸ਼ ਹੋਇਆ। ਨਾਸਾਂ ਨਾਲ ਫਰਾਕੇ ਮਾਰਦਾ, ਖੁਰਾਂ ਨਾਲ ਧਰਤੀ ਪੁੱਟਦਾ, ਮੂੰਹੋਂ ਭੈਂ ਭੈਂ ਕਰਦਾ।

ਗੁਰੂ ਜੀ ਉਸ ਘਰ ਵਿਚ ਜਾ ਕੇ ਖੜੇ ਹੋ ਗਏ। ਉਹ ਇਸਤਰੀਆਂ ਗੁਰੂ ਜੀ ਨੂੰ ਵੇਖ ਕੇ ਬਹੁਤ ਖ਼ੁਸ਼ ਹੋਈਆਂ। ਉਹਨਾਂ ਵਿਚੋਂ ਦੋਹਾਂ ਜਣੀਆਂ ਨੇ ਉੱਠ ਕੇ ਆਪਣੇ ਹੱਥਾਂ ਵਿਚ ਧਾਗਾ ਲਿਆ ਤੇ ਮੂੰਹੋਂ ਮੰਤਰ ਪੜ੍ਹਦੀਆਂ ਹੋਈਆਂ ਨੇ ਜਦੋਂ ਇਕ ਭਾਈ ਬਾਲੇ ਦੇ ਗਲ ਵਿਚ ਧਾਗਾ ਪਾਉਣ ਲੱਗੀ ਤਾਂ ਉਲਟੀ ਆਪ ਹੀ ਭੇਡੂ ਬਣ ਗਈ। ਦੂਜੀ ਗੁਰੂ ਜੀ ਦੇ ਗਲ ਵਿਚ ਧਾਗਾ ਪਾਓਣ ਵਾਸਤੇ ਅੱਗੇ ਹੋਈ ਤਾਂ ਉਹ ਉਸੇ ਵੇਲੇ ਕੁੱਤੀ ਬਣ ਗਈ। ਦੂਸਰੀਆਂ ਛੇਤੀ ਉੱਠ ਕੇ ਘਰ ਦੇ ਅੰਦਰ ਚਲੀਆਂ ਗਈਆਂ।

ਗੁਰੂ ਜੀ ਨੇ ਉਸੇ ਵੇਲੇ ਭਾਈ ਬਾਲੇ ਨੂੰ ਕਿਹਾ, "ਮਰਦਾਨੇ ਦੇ ਗਲ ਵਿਚੋਂ ਧਾਗਾ ਤੋੜ ਕੇ ਲਿਆ"। ਭਾਈ ਬਾਲਾ ਗੁਰੂ ਜੀ ਦੀ ਆਗਿਆ ਮੰਨ ਕੇ ਗਿਆ ਤੇ ਮਰਦਾਨੇ ਦੇ ਗਲ ਵਿਚੋਂ ਧਾਗਾ ਤੋੜ ਦਿੱਤਾ। ਮਰਦਾਨੇ ਦੀ ਉਸੇ ਵੇਲੇ ਮਨੁੱਖਾ ਦੇਹ ਹੋ ਗਈ। ਉਸ ਨੇ ਗੁਰੂ ਜੀ ਨੂੰ ਆ ਕੇ ਮੱਥਾ ਟੇਕਿਆ ਤੇ ਕਿਹਾ, "ਮੈਂ ਸਿੱਧੇ ਸੁਭਾਓ ਵਾਲਾ ਹਾਂ। ਛਲ ਫ਼ਰੇਬ ਨਹੀਂ ਜਾਣਦਾ"। ਗੁਰੂ ਜੀ ਨੇ ਕਿਹਾ, "ਤੂੰ ਸਾਡਾ ਬਚਨ ਨਹੀਂ ਮੰਨਿਆ"।

ਗੁਰੂ ਜੀ ਇਸ ਤਰ੍ਹਾਂ ਬਚਨ ਕਰ ਹੀ ਰਹੇ ਸਨ ਤਾਂ ਉਹਨਾਂ ਜਾਦੂਗਰਾਂ ਦੇ ਘਰ ਵਾਲੇ ਆ ਗਏ। ਕੁੱਤੀ ਤੇ ਭੇਡ ਦੌੜ ਕੇ ਆਪਣੇ ਖਸਮਾਂ ਕੋਲ ਆ ਗਈਆਂ। ਇਹਨਾਂ ਵਿਚ ਬੋਲਣ ਦੀ ਸ਼ਕਤੀ ਤਾਂ ਨਾ ਰਹੀ ਪਰ ਆਪਣੇ ਪਤੀਆਂ ਨੂੰ ਇਧਰ ਉਧਰ ਫਿਰ ਕੇ ਤੇ ਪੂਛ ਹਿਲਾ ਕੇ ਗੁਰੂ ਜੀ ਵੱਲ ਇਸ਼ਾਰੇ ਕਰ ਕੇ ਦੱਸਣ ਲੱਗੀਆਂ।

ਉਹਨਾਂ ਨੇ ਇਸ ਤਰ੍ਹਾਂ ਆਪਣੀਆਂ ਜ਼ਨਾਨੀਆਂ ਨੂੰ ਵੇਖ ਕੇ ਜਾਣ ਲਿਆ, ਸੰਤਾਂ ਉੱਤੇ ਸਾਡੀਆਂ ਘਰ ਵਾਲੀਆਂ ਨੇ ਕੋਈ ਟੂਣਾ (charm) ਕੀਤਾ ਹੋਵੇਗਾ, ਜੋ ਇਹਨਾਂ ਨੂੰ ਉਹ ਪੁੱਠਾ ਪੈ ਗਿਆ। ਇਹ ਕੋਈ ਪੂਰੇ ਸੰਤ ਹਨ। ਸੰਤਾਂ ਕੋਲੋਂ ਇਹਨਾਂ ਦੀ ਗ਼ਲਤੀ

ਮੁਆਫ਼ ਕਰਵਾਈਏ। ਉਦੋਂ ਦੋਵੇਂ ਜਣਿਆਂ ਨੇ ਭਾਈ ਬਾਲੇ ਦੇ ਚਰਨ ਫੜ ਲਏ। ਭਾਈ ਬਾਲੇ ਨੇ ਕਿਹਾ, "ਗੁਰੂ ਜੀ ਦੇ ਚਰਨ ਫੜੋ ਤੇ ਉਹਨ੍ਹਾਂ ਤੋਂ ਮੁਆਫ਼ੀ ਮੰਗੋ। ਉਹੋ ਬਖ਼ਸ਼ਣਹਾਰ ਹਨ"। ਭਾਈ ਬਾਲੇ ਤੋਂ ਇਸ ਤਰ੍ਹਾਂ ਸੁਣ ਕੇ ਛੇਤੀ ਗੁਰੂ ਜੀ ਦੇ ਚਰਨ ਫੜ ਲਏ ਤੇ ਆਪਣੀਆਂ ਜ਼ਨਾਨੀਆਂ ਬਾਰੇ ਗੁਰੂ ਜੀ ਕੋਲੋਂ ਮੁਆਫ਼ੀ ਮੰਗਣ ਲੱਗ ਪਏ। ਬੇਨਤੀ ਕੀਤੀ, "ਆਪ ਜੀ ਆਪਣਾ ਗੁੱਸਾ ਦੂਰ ਕਰੋ। ਇਹਨਾਂ ਦਾ ਗੁਨਾਹ ਬਖ਼ਸ਼ੋ। ਇਹ ਆਪ ਜੀ ਦੀ ਮਹਿਮਾ ਨਹੀਂ ਜਾਣ ਸਕੀਆਂ। ਜਿਹੋ ਜਿਹਾ ਇਹਨਾਂ ਨੇ ਕਰਮ ਕੀਤਾ ਹੈ, ਉਹੋ ਜਿਹਾ ਦੰਡ ਮਿਲ ਗਿਆ ਹੈ। ਮਹਾਂਪੁਰਖ ਪਰਉਪਕਾਰੀ ਹੁੰਦੇ ਹਨ। ਆਪ ਜੀ ਨਿਰ–ਇੱਛਕ ਹੋ, ਕ੍ਰਿਪਾ ਕਰੋ। ਅਸੀਂ ਆਪ ਜੀ ਦੀ ਸ਼ਰਨ ਵਿਚ ਹਾਂ। ਇਹਨਾਂ ਦੀ ਮਨੁੱਖਾ ਦੇਹੀ ਬਣਾ ਦਿਉ। ਇਹਨਾਂ ਦਾ ਅਪਰਾਧ ਮੁਆਫ਼ ਕਰੋ"।

ਸਤਿਗੁਰੂ ਜੀ ਨੇ ਕਿਹਾ, "ਤੁਸੀਂ ਵਾਹਿਗੁਰੂ ਦਾ ਸਿਮਰਨ ਕਰੋ।ਧਰਮਸ਼ਾਲਾ ਬਣਾਓ, ਉੱਥੇ ਦੋਵੇਂ ਸਮੇਂ ਸਤਸੰਗਤਿ ਵਿਚ ਪਰਮੇਸ਼ਰ ਦਾ ਸਿਮਰਨ ਕਰੋ। ਸਿੱਖਾਂ ਤੇ ਸੰਤਾਂ ਦੀ ਸੇਵਾ ਕਰੋ, ਜਿਸ ਕਰਕੇ ਤੁਹਾਡਾ ਭਲਾ ਹੋਵੇਗਾ। ਤੇ ਅੰਤ ਸਮੇਂ ਤੁਹਾਡੇ ਗਲ ਜਮਾਂ ਦੀ ਫਾਹੀ ਨਹੀਂ ਪਵੇਗੀ। ਮਾੜੇ ਕੰਮਾਂ ਨੂੰ ਛੱਡ ਕੇ ਧਰਮ ਦੀ ਕਿਰਤ ਕਰੋ"। ਸਤਿਗੁਰੂ ਜੀ ਤੋਂ ਇਸ ਤਰ੍ਹਾਂ ਦੇ ਬਚਨ ਸੁਣ ਕੇ ਅਧੀਨਗੀ ਦੇ ਸਹਿਤ ਆਖਣ ਲੱਗੇ, "ਅਸੀਂ ਆਪ ਦੇ ਅਨੁਸਾਰੀ ਹਾਂ"।

ਗੁਰੂ ਜੀ ਨੇ ਕਿਹਾ, "ਇਹੋ ਜਿਹੀਆਂ ਖੋਟੀਆਂ ਇਸਤਰੀਆਂ ਨੂੰ ਦੰਡ ਦੇਣਾ ਹੀ ਬਣਦਾ ਹੈ। ਹੁਣ ਤੁਸੀਂ ਅਧੀਨਗੀ ਸਹਿਤ ਬੇਨਤੀ ਕੀਤੀ ਹੈ, ਇਸ ਕਰਕੇ ਇਹਨਾਂ ਦਾ ਸਰੀਰ ਹੁਣ ਪਹਿਲਾਂ ਵਰਗਾ ਹੋ ਜਾਵੇਗਾ"। ਗੁਰੂ ਜੀ ਦੇ ਇਤਨੇ ਬਚਨਾਂ ਨਾਲ ਉਹਨ੍ਹਾ ਦੇ ਸਰੀਰ ਪਹਿਲਾਂ ਵਰਗੇ ਹੋ ਗਏ। ਉਥੇ ਰਾਤ ਪੈ ਗਈ, ਗੁਰੂ ਜੀ ਰਾਤ ਨੂੰ ਉਥੇ ਹੀ ਰਹੇ। ਅੰਮ੍ਰਿਤ ਵੇਲੇ ਗੁਰੂ ਜੀ ਜਾਗੇ। ਜਦੋਂ ਬਹੁਤਿਆਂ ਨੂੰ ਗੁਰੂ ਜੀ ਦੇ ਇਸ ਕੌਤਕ ਦਾ ਪਤਾ ਲੱਗਾ ਤਾਂ ਭੇਟਾ ਲੈ ਕੇ ਦਰਸ਼ਨਾਂ ਵਾਸਤੇ ਆਏ। ਵੱਡਿਆਂ ਭਾਗਾਂ ਵਾਲਿਆਂ ਨੇ ਗੁਰੂ ਜੀ ਤੋਂ ਚਰਨ ਪਾਹੁਲ ਲਈ ਤੇ ਸਿੱਖੀ ਪ੍ਰਾਪਤ ਕੀਤੀ। ਉਹਨਾਂ ਨੇ ਧਰਮਸ਼ਾਲਾ ਬਣਾਈ ਤੇ ਨਿੱਤ ਗੁਰੂ ਜੀ ਦਾ ਜੱਸ ਕਰਨ ਲੱਗ ਪਏ।

ਉਥੇ ਗੁਰੂ ਜੀ ਪੰਜ ਦਿਨ ਰਹੇ। ਉਸ ਤੋਂ ਬਾਅਦ ਗੁਰੂ ਜੀ ਨੇ ਉਹਨਾਂ ਨੂੰ ਕਿਹਾ, "ਅਸੀਂ ਅੱਗੇ ਜਾਣਾ ਹੈ"। ਸਾਰਿਆਂ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਆਪ ਜੀ ਨੇ ਸਾਡੇ 'ਤੇ ਕ੍ਰਿਪਾ ਕੀਤੀ ਹੈ। ਖੋਟੀ ਬੁੱਧੀ ਦੂਰ ਕਰ ਕੇ ਭਾਉ–ਭਗਤੀ ਦੇ ਰਸਤੇ ਲਾ ਦਿੱਤਾ ਹੈ। ਆਪ ਜੀ ਕੁਝ ਦਿਨ ਹੋਰ ਰਹੋ"।

**ਗੁਰੂ ਜੀ ਨੇ ਕਿਹਾ, ‘‘ਤੁਸੀਂ ਨਿੱਤ ਵਾਹਿਗੁਰੂ ਜਪੋ ਤੇ ਧਰਮਸ਼ਾਲਾ ਵਿਚ ਜਾ ਕੇ ਰੋਜ਼ ਪ੍ਰੇਮ ਨਾਲ ਸੰਗਤਿ ਕਰੋ ਤੇ ਕੜਾਹ ਪ੍ਰਸ਼ਾਦਿ ਕਰ ਕੇ ਅਰਦਾਸ ਕਰੋ। ਤੁਹਾਡੀਆਂ ਮਨੋ ਕਾਮਨਾਵਾਂ ਪੂਰੀਆਂ ਹੋਣਗੀਆਂ। ਉਹਨਾਂ ਨੂੰ ਇਸ ਤਰ੍ਹਾਂ ਉਪਦੇਸ਼ ਦੇ ਕੇ ਗੁਰੂ ਜੀ ਉਥੋਂ ਚਲੇ ਗਏ।**

## ੪. ਪੰਜਾ ਸਾਹਿਬ ਦੀ ਸਾਖੀ

ਗੁਰੂ ਜੀ ਜੀਵਾਂ ਦਾ ਭਲਾ ਕਰਦੇ ਹੋਏ, ਸਿੰਧ ਨਦੀ ਤੋਂ ਕੁਝ ਕਿਲੋ ਮੀਟਰ ਦੂਰ ਹਸਨ ਅਬਦਾਲ ਪੁੱਜੇ। ਇਹ ਪਾਕਿਸਤਾਨ ਦੇ ਜ਼ਿਲ੍ਹਾ ਅਟਕ ਵਿਚ ਹੈ। ਹਸਨ ਅਬਦਾਲ ਕਸਬਾ ਰਾਵਲਪਿੰਡੀ ਤੋਂ ੪੫ ਕਿਲੋਮੀਟਰ ਦੂਰ ਪਿਸ਼ਾਵਰ ਜਾਣ ਵਾਲੀ ਸੜਕ 'ਤੇ ਸਥਿਤ ਹੈ। ਉਥੇ ਗੁਰੂ ਜੀ ਇਕ ਪਹਾੜੀ ਦੇ ਥੱਲੇ ਇਕ ਪਿੱਪਲ ਦੇ ਬ੍ਰਿਛ ਦੀ ਛਾਵੇਂ ਬੈਠ ਗਏ। ਜਦੋਂ ਕੁਝ ਕੁ ਸਮਾਂ ਹੋਇਆ ਤਾਂ ਮਰਦਾਨੇ ਨੇ ਕਿਹਾ, "ਗੁਰੂ ਜੀ, ਮੈਨੂੰ ਪਿਆਸ ਲੱਗੀ ਹੈ। ਪਾਣੀ ਪਿਲਾਵੋ। ਆਪ ਜੀ ਨੂੰ ਸਾਰਾ ਗਿਆਨ ਹੈ।"

ਗੁਰੂ ਜੀ ਨੇ ਕਿਹਾ, "ਇਸ ਪਹਾੜੀ ਉਪਰ ਚੜ੍ਹ ਜਾ। ਉਥੇ ਵਲੀ ਕੰਧਾਰੀ ਨਾਮ ਦਾ ਫ਼ਕੀਰ ਰਹਿੰਦਾ ਹੈ ਤੇ ਬਹੁਤ ਕਰਨੀ ਵਾਲਾ ਹੈ। ਉਸ ਨੇ ਚਸ਼ਮੇ ਦਾ ਪਾਣੀ ਇਕ ਤਲਾਬ ਵਿਚ ਇਕੱਠਾ ਕੀਤਾ ਹੈ। ਉਸ ਪਾਸੋਂ ਜਾ ਕੇ ਪਾਣੀ ਪੀਣ ਲਈ ਮੰਗ ਲੈ"। ਗੁਰੂ ਜੀ ਦਾ ਬਚਨ ਸੁਣ ਕੇ ਮਰਦਾਨਾ ਹੌਲੀ ਹੌਲੀ ਦੋ ਕੁ ਕਿਲੋਮੀਟਰ ਉੱਚੀ ਪਹਾੜੀ 'ਤੇ ਚੜ੍ਹ ਗਿਆ। ਉਥੇ ਜਾ ਕੇ ਪੀਰ ਨੂੰ ਸਲਾਮ ਕੀਤੀ ਤੇਂ ਪੀਣ ਵਾਸਤੇ ਪਾਣੀ ਮੰਗਿਆ।

ਵਲੀ ਕੰਧਾਰੀ ਨੇ ਕਿਹਾ, "ਤੂੰ ਕਿਸ ਦੇਸ਼ ਤੋਂ ਆਇਆ ਹੈਂ? ਤੂੰ ਇਕੱਲਾ ਹੈਂ ਜਾਂ ਤੇਰੇ ਨਾਲ ਹੋਰ ਵੀ ਕੋਈ ਹੈਂ?" ਮਰਦਾਨੇ ਨੇ ਕਿਹਾ, "ਮੈਂ ਪੰਜਾਬ ਦਾ ਰਹਿਣ ਵਾਲਾ ਹਾਂ। ਗੁਰੂ ਨਾਨਕ ਦੇਵ ਜੀ ਦੇ ਨਾਲ ਦੇਸ਼ਾਂ ਵਿਦੇਸ਼ਾਂ ਵਿਚ ਵਿਚਰਦਾ ਹਾਂ। ਉਨ੍ਹਾਂ ਨੂੰ ਹਿੰਦੂ ਤੁਰਕ ਸਾਰੇ ਹੀ ਮੰਨਦੇ ਹਨ। ਹਿੰਦੂ ਗੁਰੂ ਕਹਿੰਦੇ ਹਨ ਤੇ ਮੁਸਲਮਾਨ ਪੀਰ ਕਹਿੰਦੇ ਹਨ। ਵੱਡੇ ਵੱਡੇ ਕਰਾਮਾਤੀ ਉਨ੍ਹਾਂ ਦੇ ਚਰਨੀਂ ਪੈ ਗਏ ਹਨ। ਮੈਂ ਉਨ੍ਹਾਂ ਦੇ ਨਾਲ ਰਬਾਬ ਵਜਾਉਂਦਾ ਹਾਂ। ਉਹ ਇਸ ਪਹਾੜੀ ਦੇ ਥੱਲੇ ਪਿੱਪਲ ਦੀ ਛਾਵੇਂ ਬੈਠੇ ਹਨ। ਮੈਂ ਆਪਣੀ ਵਾਰਤਾ ਸਾਰੀ ਤੁਹਾਨੂੰ ਦੱਸ ਦਿੱਤੀ ਹੈ। ਮੈਨੂੰ ਪਾਣੀ ਦਿਉ ।"

ਵਲੀ ਕੰਧਾਰੀ ਗੁਰੂ ਜੀ ਦਾ ਜੱਸ ਸੁਣ ਕੇ ਸਹਾਰ ਨਾ ਸਕਿਆ। ਕਹਿਣ ਲੱਗਾ, "ਜੇ ਉਹ ਬਹੁਤ ਕਰਾਮਾਤੀ ਹਨ ਤਾਂ ਉਥੇ ਬੈਠੇ ਪਾਣੀ ਕਿਉਂ ਨਹੀਂ ਮੰਗਾ ਲੈਂਦੇ। ਪਿਆਸੇ ਨੂੰ ਪਾਣੀ ਦੇਣਾ ਤਾਂ ਠੀਕ ਹੈ ਪਰ ਤੇਰੇ ਬਚਨ ਸੁਣ ਕੇ ਮੈਂ ਤੈਨੂੰ ਪਾਣੀ ਨਹੀਂ ਦਿਆਂਗਾ"। ਮਰਦਾਨਾ ਪੀਰ ਤੋਂ ਇਹ ਸੁਣ ਕੇ ਆ ਗਿਆ ਤੇ ਸਾਰੀ ਗੱਲ ਗੁਰੂ ਜੀ ਨੂੰ ਦੱਸੀ। ਗੁਰੂ ਜੀ ਨੇ ਕਿਹਾ, "ਉਸ ਦੇ ਮਨ ਵਿਚ ਬਹੁਤ ਹੰਕਾਰ ਹੈ। ਉਹ ਦੂਜਿਆਂ ਦੀ ਵਡਿਆਈ ਨਹੀਂ ਸਹਾਰ ਸਕਦਾ। ਉਹ ਈਰਖਾ ਰੂਪੀ ਅੱਗ ਵਿਚ ਸੜ ਰਿਹਾ ਹੈ ।"

ਗੁਰੂ ਜੀ ਨੇ ਮਰਦਾਨੇ ਨੂੰ ਦੂਜੀ ਵਾਰੀ ਫੇਰ ਵਲੀ ਕੰਧਾਰੀ ਕੋਲ ਪਾਣੀ ਪੀਣ ਵਾਸਤੇ ਭੇਜਿਆ ਤੇ ਕਿਹਾ, "ਮਰਦਾਨੇ, ਪੀਰ ਕੋਲ ਜਾ ਕੇ, ਨਿਮਰਤਾ ਨਾਲ ਪਾਣੀ ਮੰਗ ਕੇ ਪੀ ਆ।" ਮਰਦਾਨਾ ਫਿਰ ਗੁਰੂ ਜੀ ਦਾ ਬਚਨ ਮੰਨ ਕੇ ਉਪਰ ਪੀਰ ਕੋਲ ਗਿਆ ਤੇ ਕਹਿਣ ਲੱਗਾ, "ਪੀਰ ਜੀ, ਪਾਣੀ ਪਿਆਉਣ ਦਾ ਬਹੁਤ ਪੁੰਨ ਹੁੰਦਾ ਹੈ। ਆਪ ਜੀ ਮੈਨੂੰ ਪਾਣੀ ਪਿਆ ਦਿਉ"। ਪੀਰ ਨੇ ਗੁੱਸੇ ਨਾਲ ਕਿਹਾ, "ਤੂੰ ਕਹਿੰਦਾ ਹੈਂ, ਤਪਾ ਨਾਨਕ ਵੱਡਾ ਕਰਾਮਤੀ ਹੈ। ਪਰ ਪਾਣੀ ਸਾਡੇ ਕੋਲੋਂ ਆ ਕੇ ਮੰਗਦਾ ਹੈ। ਜਾਹ ਉਨ੍ਹਾਂ ਕੋਲੋਂ ਹੀ ਪਾਣੀ ਲੈ ਕੇ ਪੀ। ਅਸੀਂ ਪੀਣ ਵਾਸਤੇ ਪਾਣੀ ਨਹੀਂ ਦਿਆਂਗਾ"। ਪੀਰ ਤੋਂ ਗੁੱਸੇ ਵਾਲੇ ਬਚਨ ਸੁਣ ਕੇ ਮਰਦਾਨਾ ਹੇਠਾਂ ਗੁਰੂ ਜੀ ਕੋਲ ਆ ਗਿਆ ।

ਮਰਦਾਨੇ ਨੇ ਗੁਰੂ ਜੀ ਨੂੰ ਪੀਰ ਦੀ ਗੁੱਸੇ ਵਾਲੀ ਸਾਰੀ ਗੱਲ ਸੁਣਾਈ। ਅੰਤਰਜਾਮੀ ਗੁਰੂ ਜੀ ਨੇ ਉਦੋਂ ਆਪਣੇ ਹੱਥ ਦੀ ਸੋਟੀ ਉਸ ਪਹਾੜੀ ਵਿਚ ਮਾਰੀ। ਉਸੇ ਵਕਤ ਉਥੋਂ ਨਿਰਮਲ ਜਲ ਦਾ ਚਸ਼ਮਾ ਨਿਕਲ ਤੁਰਿਆ। ਉਪਰ ਵਲੀ ਕੰਧਾਰੀ ਦਾ ਸਾਰਾ ਇਕੱਠਾ ਕੀਤਾ ਪਾਣੀ ਗੁਰੂ ਜੀ ਨੇ ਸ਼ਕਤੀ ਨਾਲ ਥੱਲੇ ਖਿੱਚ ਲਿਆ।

ਪੀਰ ਨੇ ਆਪਣੀ ਸ਼ਕਤੀ ਨਾਲ ਸਾਰਾ ਕੁਝ ਜਾਣ ਲਿਆ। ਉਸੇ ਸਮੇਂ ਪਾਣੀ ਰੋਕਣ ਵਾਸਤੇ ਆਪਣੀ ਸ਼ਕਤੀ ਨਾਲ ਇਕ ਬਹੁਤ ਵੱਡਾ ਪੱਥਰ ਥੱਲੇ ਨੂੰ ਰੇੜ੍ਹ ਦਿੱਤਾ। ਉਹ ਬਹੁਤ ਸਾਰੇ ਬ੍ਰਿਛਾਂ ਨੂੰ ਤੋੜਦਾ ਹੋਇਆ ਗੁਰੂ ਜੀ ਵੱਲ ਰਿੜ੍ਹਦਾ ਆਇਆ। ਉਦੋਂ ਗੁਰੂ ਜੀ ਨੇ ਬੈਠਿਆਂ ਹੀ ਉਸ ਪੱਥਰ ਨੂੰ ਪਾਣੀ ਛੂਹਣ ਤੋਂ ਪਹਿਲਾਂ ਹੀ ਆਪਣਾ ਹੱਥ ਅਗਾਂਹ ਕਰ ਕੇ ਉਸ ’ਤੇ ਪੰਜਾ ਲਾ ਕੇ ਰੋਕ ਦਿੱਤਾ। ਉਸ ਵਿਚ ਪੰਜਾ ਇਸ ਤਰ੍ਹਾਂ ਖੁਭ ਗਿਆ, ਜਿਸ ਤਰ੍ਹਾਂ ਪੰਜਾ ਕਿਸੇ ਨਰਮ ਚੀਜ਼ ਵਿਚ ਖੁਭ ਗਿਆ ਹੋਵੇ।

ਵਲੀ ਕੰਧਾਰੀ ਨੇ ਉਸ ਪੱਥਰ ਨੂੰ ਆਪਣੀ ਸ਼ਕਤੀ ਨਾਲ ਚਸ਼ਮੇ ਦੇ ਮੂੰਹ ’ਤੇ ਧੱਕਣਾ ਚਾਹਿਆ, ਪਰ ਉਹ ਪੱਥਰ ਉਥੇ ਹੀ ਖੜਾ ਰਿਹਾ, ਨਾ ਹਿੱਲਿਆ। ਉਦੋਂ ਵਲੀ ਕੰਧਾਰੀ ਨੇ ਆਪਣੀ ਸ਼ਕਤੀ ਥੋੜ੍ਹੀ ਜਾਣੀ ਤੇ ਗੁਰੂ ਜੀ ਦੀ ਸ਼ਕਤੀ ਬਹੁਤੀ ਜਾਣੀ। ਇਸ ਕਰਕੇ ਪੀਰ ਆ ਕੇ ਗੁਰੂ ਜੀ ਦੇ ਚਰਨੀਂ ਪੈ ਗਿਆ ਤੇ ਕਹਿਣ ਲੱਗਾ, "ਪ੍ਰਭੂ ਜੀ, ਮੇਰੀ ਖ਼ਤਾ ਬਖ਼ਸ਼ੋ। ਮੈਂ ਆਪ ਜੀ ਦੀ ਵਡਿਆਈ ਨਾ ਜਾਣ ਸਕਿਆ। ਹੁਣ ਆਪ ਜੀ ਮੈਨੂੰ ਆਪਣਾ ਉਪਦੇਸ਼ ਦਿਉ। ਜਿਸ ਕਰਕੇ ਮੇਰਾ ਪਰਲੋਕ ਸਵਰ ਜਾਵੇ।"

ਗੁਰੂ ਜੀ ਨੇ ਉਸ ਦੀ ਸ਼ਰਧਾ ਵੇਖ ਕੇ ਉਸ ਨੂੰ ਉਪਦੇਸ਼ ਦਿੱਤਾ ਤੇ ਕਿਹਾ, "ਤੂੰ ਨਾਹੱਕ (without reason) ਹੀ ਈਰਖਾ (envy) ਕਰ ਕੇ ਦੁੱਖ ਪਾ ਰਿਹਾ ਹੈਂ। ਇਸ

ਵਿਚ ਕੋਈ ਪ੍ਰਾਪਤੀ ਨਹੀਂ ਹੁੰਦੀ। ਤੂੰ ਖ਼ੁਸ਼ੀ ਨਾਲ ਰਹਿ ਤੇ ਹਮੇਸ਼ਾਂ ਖ਼ੁਦਾ ਨੂੰ ਯਾਦ ਕਰ"। ਗੁਰੂ ਜੀ ਦਾ ਕਿਹਾ ਉਸ ਨੇ ਖ਼ੁਸ਼ੀ ਖ਼ੁਸ਼ੀ ਮੰਨਿਆ ਤੇ ਚਰਨਾਂ 'ਤੇ ਮੱਥਾ ਟੇਕਿਆ।

ਵਲੀ ਕੰਧਾਰੀ ਨੇ ਗੁਰੂ ਜੀ ਨੂੰ ਬੇਨਤੀ ਕੀਤੀ, "ਗੁਰੂ ਜੀ, ਮੈਨੂੰ ਵੀ ਕ੍ਰਿਪਾ ਕਰ ਕੇ ਪਾਣੀ ਦਿਉ।" ਗੁਰੂ ਜੀ ਨੇ ਕਿਹਾ, " ਤੇਰੇ ਪਾਸ ਮੀਂਹ ਦਾ ਪਾਣੀ ਨਹੀਂ ਮੁੱਕੇਗਾ।" ਗੁਰੂ ਜੀ ਦੇ ਬਚਨ ਹੁਣ ਤਕ ਸਫਲਾ ਹਨ। ਹੁਣ ਵੀ ਵਲੀ ਕੰਧਾਰੀ ਦੇ ਅਸਥਾਨ 'ਤੇ ਮੀਂਹ ਦਾ ਪਾਣੀ ਨਹੀਂ ਮੁੱਕਦਾ। ਜਦੋਂ ਪਾਣੀ ਮੁੱਕਣ 'ਤੇ ਆਉਂਦਾ ਹੈ ਤਾਂ ਮੀਂਹ ਪੈ ਜਾਂਦਾ ਹੈ। ਪੀਰ ਆਪਣੇ ਅਸਥਾਨ 'ਤੇ ਰਹਿ ਕੇ ਗੁਰੂ ਜੀ ਦਾ ਜੱਸ ਕਰਦਾ ਰਿਹਾ। ਗੁਰੂ ਜੀ ਦਾ ਪੰਜਾ ਉਸ ਪੱਥਰ ਵਿਚ ਲੱਗਾ ਹੁਣ ਤਕ ਸੰਸਾਰ ਵਿਚ ਪ੍ਰਗਟ ਹੈ। ਕਈ ਗੁਰੂ–ਘਰ ਦੇ ਨਿੰਦਕਾਂ ਨੇ ਗੁਰੂ ਜੀ ਦੇ ਲੱਗੇ ਉਸ ਪੰਜੇ ਨੂੰ ਪੱਥਰ ਵਿਚੋਂ ਛੈਣੀਆਂ ਹਥੌੜਿਆਂ (hammer) ਨਾਲ ਮਿਟਾਉਣਾ ਚਾਹਿਆ ਪਰ ਉਸ ਪੱਥਰ ਟੁੱਟਣ ਦੇ ਨਾਲ ਨਾਲ ਹੀ ਉਸ ਪੱਥਰ ਵਿਚ ਲੱਗਾ ਪੰਜਾ ਵੀ ਅੰਦਰ ਨੂੰ ਜਾਂਦਾ ਰਿਹਾ। ਉਹ ਪਾਣੀ ਦਾ ਪ੍ਰਵਾਹ ਵੀ ਹੁਣ ਤਕ ਉਸੇ ਤਰ੍ਹਾਂ ਚੱਲ ਰਿਹਾ ਹੈ। ਗੁਰੂ ਜੀ ਦੇ ਲੱਗੇ ਉਸ ਪੰਜੇ ਤੋਂ ਉਸ ਜਗ੍ਹਾ ਦਾ ਨਾਮ ਪੰਜਾ ਸਾਹਿਬ ਪੈ ਗਿਆ। ਉਸ ਪੱਥਰ ਵਿਚ ਲੱਗੇ ਪੰਜੇ ਦੀ ਇਕ ਸਿਫ਼ਤ ਇਹ ਹੈ ਕਿ ਉਸ ਪੰਜੇ ਵਿਚ ਕਿਸੇ ਉਮਰ ਦਾ ਬੱਚਾ ਜਾਂ ਬੁੱਢਾ ਹੱਥ ਰੱਖੇ ਤਾਂ ਉਸ ਵਿਚ ਹਰੇਕ ਦਾ ਹੱਥ ਪੂਰਾ ਆਉਂਦਾ ਹੈ।

## ੫. ਗੁਰੂ ਜੀ ਠੱਗਾਂ ਦੇ ਨਗਰ ਗਏ

ਗੁਰੂ ਨਾਨਕ ਦੇਵ ਜੀ, ਭਾਈ ਬਾਲਾ ਤੇ ਮਰਦਾਨੇ ਨੂੰ ਨਾਲ ਲੈ ਕੇ ਇਕ ਐਸੇ ਨਗਰ ਵਿਚ ਗਏ, ਜੋ ਸਾਰਾ ਠੱਗਾਂ ਦਾ ਸੀ। ਉਸ ਨਗਰ ਵਿਚ ਜੋ ਵੀ ਮਨੁੱਖ ਜਾਂਦਾ, ਉਸ ਨੂੰ ਉਹ ਠੱਗ ਮਾਰ ਕੇ ਉਸ ਦਾ ਧਨ ਮਾਲ ਲੈ ਲੈਂਦੇ ਸਨ। ਉਨ੍ਹਾਂ ਨੂੰ ਸੁਮੱਤ ਦੇਣ ਵਾਸਤੇ ਗੁਰੂ ਜੀ ਨੇ ਇਕ ਕੌਤਕ ਰਚਿਆ। ਭਾਈ ਬਾਲੇ ਨੂੰ ਚੰਗੇ ਲਿਬਾਸ ਵਿਚ ਸਜਾਇਆ। ਗੁਰੂ ਜੀ ਆਪ ਚੰਗੀ ਪੁਸ਼ਾਕ ਪਾ ਲਈ। ਮਰਦਾਨਾ ਆਪ ਜੀ ਨਾਲ ਲਾਗੀ ਹੋ ਗਿਆ।

ਗੁਰੂ ਜੀ ਉਥੇ ਇਕ ਠੱਗ ਦੇ ਘਰ ਚਲੇ ਗਏ। ਉਹ ਠੱਗ ਗੁਰੂ ਜੀ ਨੂੰ ਵੇਖ ਕੇ ਬਹੁਤ ਖ਼ੁਸ਼ ਹੋਇਆ ਤੇ ਚੰਗੀ ਤਰ੍ਹਾਂ ਗੁਰੂ ਜੀ ਦਾ ਸਨਮਾਨ ਕੀਤਾ। ਕਹਿਣ ਲੱਗਾ, "ਆਉ ਜੀ, ਸਾਡੇ ਘਰ ਡੇਰਾ ਕਰੋ। ਮੈਂ ਆਪ ਜੀ ਦੀ ਚੰਗੀ ਤਰ੍ਹਾਂ ਸੇਵਾ ਕਰਾਂਗਾ।" ਗੁਰੂ ਜੀ ਉਸ ਠੱਗ ਦੇ ਘਰ ਰਹਿ ਪਏ। ਉਹ ਘਰ ਵਾਲੇ ਠੱਗ ਨੇ ਸਾਰੇ ਠੱਗ ਸੱਦ ਲਏ। ਉਹ ਆਪਸ ਵਿਚ ਕਹਿਣ ਲੱਗੇ, "ਇਸ ਦੇ ਮੱਥੇ 'ਤੇ ਬਹੁਤ ਚਮਕ ਹੈ। ਇਸ ਦੇ ਪਾਸ ਬਹੁਤ ਧਨ ਹੈ । ਤੂੰ ਇਸ ਕੋਲੋਂ ਰਾਤ ਨੂੰ ਸਾਰਾ ਧਨ ਲੁੱਟ ਲਵੀਂ। ਅਸੀਂ ਸਵੇਰੇ ਆ ਕੇ ਤੇਰੇ ਪਾਸੋਂ ਧਨ ਵੰਡ ਲਵਾਂਗੇ।" ਇਸ ਤਰ੍ਹਾਂ ਕਹਿ ਕੇ ਉਹ ਚਲੇ ਗਏ। ਹੌਲੀ ਹੌਲੀ ਰਾਤ ਪੈ ਗਈ। ਸਾਰੇ ਭੋਜਨ ਛਕ ਕੇ ਸੌਂ ਗਏ। ਪ੍ਰਭੂ ਦੀ ਪਰੇਰੀ ਨੀਂਦ ਨੇ ਸਾਰਿਆਂ ਨੂੰ ਹੀ ਵੱਸ ਕਰ ਲਿਆ। ਰਾਤ ਨੂੰ ਕੋਈ ਨਾ ਜਾਗ ਸਕਿਆ।

ਗੁਰੂ ਜੀ ਨੇ ਅੰਮ੍ਰਿਤ ਵੇਲੇ ਉੱਥੋਂ ਚਾਲੇ ਪਾ ਦਿੱਤੇ। ਠੱਗ ਸੁੱਤੇ ਹੀ ਰਹਿ ਗਏ। ਗੁਰੂ ਜੀ ਦੇ ਜਾਣ ਤੋਂ ਬਾਅਦ ਉਨ੍ਹਾਂ ਨੂੰ ਜਾਗ ਆਈ ਤੇ ਸਾਰੇ ਹੀ ਉਸ ਠੱਗ ਦੇ ਘਰ ਆ ਇਕੱਠੇ ਹੋਏ। ਕਹਿਣ ਲੱਗੇ, "ਤੂੰ ਉਨ੍ਹਾਂ ਤੋਂ ਜੋ ਧਨ ਲਿਆ ਹੈ, ਉਹ ਸਾਰਿਆਂ ਨੂੰ ਵੰਡ ਦੇ"। ਉਸ ਠੱਗ ਨੇ ਅਸਚਰਜ ਹੋ ਕੇ ਕਿਹਾ, "ਮੈਨੂੰ ਤਾਂ ਰਾਤ ਨੂੰ ਜਾਗ ਹੀ ਨਹੀਂ ਆਈ। ਉਹ ਮੇਰੇ ਸੁੱਤੇ ਹੀ ਚਲੇ ਗਏ ਹਨ। ਦੂਜੇ ਠੱਗਾਂ ਨੇ ਉਸ ਦੀ ਗੱਲ 'ਤੇ ਯਕੀਨ ਨਾ ਕੀਤਾ। ਇਸ ਕਰਕੇ ਉਸ ਨਾਲ ਝਗੜਾ ਕਰਨ ਲੱਗ ਪਏ ਤੇ ਕਹਿਣ ਲੱਗੇ, "ਤੇਰੇ ਹੱਥ ਬਹੁਤ ਧਨ ਲੱਗਾ ਹੈ। ਤੂੰ ਲਾਲਚ ਵਿਚ ਆ ਕੇ ਧਨ ਛੁਪਾ ਲਿਆ ਹੈ। ਤੂੰ ਇਸ ਤਰ੍ਹਾਂ ਬਹਾਨੇ ਨਾ ਲਾ। ਤੂੰ ਵੀ ਅੱਗੇ ਸਾਡੇ ਨਾਲ ਹਿੱਸਾ ਵੰਡਾਉਂਦਾ ਰਿਹਾ ਹੈਂ"।

ਉਨ੍ਹਾਂ ਤੋਂ ਇਸ ਤਰ੍ਹਾਂ ਸੁਣ ਕੇ ਉਸ ਘਰ ਵਾਲੇ ਠੱਗ ਨੇ ਆਪਣੇ ਪੀਰ ਦੀ ਸੌਂਹ ਖਾਧੀ ਤਾਂ ਉਨ੍ਹਾਂ ਨੂੰ ਯਕੀਨ ਆਇਆ। ਉਦੋਂ ਉਨ੍ਹਾਂ ਠੱਗਾਂ ਨੇ ਗੁਰੂ ਜੀ ਨੂੰ ਪਿੰਡ ਦੇ ਚਾਰ-ਚੁਫੇਰੇ ਵੇਖਿਆ ਤਾਂ ਉਨ੍ਹਾਂ ਨੂੰ ਗੁਰੂ ਜੀ ਦੇ ਪੈਰਾਂ ਦੇ ਨਿਸ਼ਾਨ ਦਿਸ ਪਏ। ਉਸੇ ਵੇਲੇ ਚਾਰ ਜਵਾਨ ਠੱਗ ਗੁਰੂ ਜੀ ਨੂੰ ਫੜਣ ਵਾਸਤੇ ਚੱਲ ਪਏ। ਪੰਜ ਕੋਹ 'ਤੇ ਜਾ ਕੇ ਉਨ੍ਹਾਂ ਨੇ ਗੁਰੂ ਜੀ ਨੂੰ ਵੇਖਿਆ ਤਾਂ ਇਕ ਠੱਗ ਨੇ ਗੁਰੂ ਜੀ ਨੂੰ ਆਵਾਜ਼ ਮਾਰੀ, "ਤੁਸੀਂ ਕਿੱਥੇ ਚਲੇ ਜਾਓਗੇ, ਇਥੇ ਹੀ ਖੜੇ ਹੋ ਜਾਉ। ਤੁਸੀ ਮੇਰੇ ਘਰ ਤੋਂ ਧਨ ਚੁਰਾ ਕੇ ਲਿਆਏ ਹੋ। ਤੁਹਾਨੂੰ ਅਸੀਂ ਮਾਰ ਦਿਆਂਗੇ।"

ਜਦੋਂ ਗੁਰੂ ਜੀ ਨੇ ਆਵਾਜ਼ ਸੁਣੀ ਤਾਂ ਉਥੇ ਹੀ ਖੜੇ ਹੋ ਗਏ ਤੇ ਉਨ੍ਹਾਂ ਨੂੰ ਪੁਛਿਆ, "ਤੁਸੀ ਕੀ ਕਹਿ ਰਹੇ ਹੋ?" ਇਕ ਠੱਗ ਨੇ ਕਿਹਾ, "ਤੁਸੀਂ ਆਪਨਾ ਸਾਰਾ ਧਨ ਦੇ ਦਿਉ। ਤੁਸੀਂ ਛਲ ਕਰ ਕੇ ਆ ਗਏ ਹੋ। ਹੁਣ ਤੁਹਾਨੂੰ ਜਿਉਂਦੇ ਨਹੀਂ ਛੱਡਾਂਗੇ। ਸਾਡੀ ਇਹ ਰੀਤੀਂ ਸਦਾ ਹੀ ਚਲੀ ਆ ਰਹੀ ਹੈ। ਪਹਿਲਾਂ ਉਸ ਮਨੁੱਖ ਨੂੰ ਮਾਰ ਕੇ ਪਿੱਛੋਂ ਉਸ ਦੀ ਸਾਰੀ ਵਸਤੂ ਲੈ ਲੈਂਦੇ ਹਾਂ"।

ਗੁਰੂ ਜੀ ਨੇ ਕਿਹਾ, "ਜੇ ਤੁਸੀਂ ਸਾਨੂੰ ਮਾਰਨ ਵਾਸਤੇ ਆਏ ਹੋ ਤਾਂ ਸਾਨੂੰ ਮਾਰ ਕੇ ਇਸ ਤਰ੍ਹਾਂ ਨਾ ਸੁੱਟਿਓ। ਅੱਗ ਨਾਲ ਸਸਕਾਰ ਕਰ ਕੇ ਜਾਇਉ। ਫਿਰ ਤੁਸੀਂ ਧਨ ਲੈ ਜਾਇਉ"। ਉਨ੍ਹਾਂ ਨੇ ਕਿਹਾ, "ਅਸੀਂ ਤੁਹਾਡਾ ਬਚਨ ਮੰਨਦੇ ਹਾਂ ਪਰ ਲਾਗੇ ਅੱਗ ਨਹੀਂ ਹੈ। ਜੇ ਤੁਹਾਨੂੰ ਜਿਉਂਦਾ ਛੱਡ ਦਿੱਤਾ ਤਾਂ ਕਿਸੇ ਪਾਸ ਜਾ ਕੇ ਸਾਡੇ ਉਲਟ ਪੁਕਾਰ ਕਰੋਗੇ"।

ਗੁਰੂ ਜੀ ਨੇ ਉਨ੍ਹਾਂ ਨੂੰ ਕਿਹਾ, "ਇਸ ਦਿਸ਼ਾ ਵੱਲ ਧੂੰਆਂ ਨਿਕਲ ਰਿਹਾ ਹੈ। ਸਾਡੇ ਜਿਉਂਦਿਆਂ ਹੀ ਅੱਗ ਲਿਆਉ। ਫਿਰ ਤੁਸੀਂ ਸਾਨੂੰ ਮਾਰ ਦਿਉ। ਦੋ ਜਣੇ ਅੱਗ ਲੈਣ ਵਸਤੇ ਚਲੇ ਜਾਉ ਤੇ ਦੋ ਜਣੇ ਸਾਡੇ ਕੋਲ ਰਹੋ।" ਗੁਰੂ ਜੀ ਦਾ ਬਚਨ ਮੰਨ ਕੇ ਜਿੱਥੇ ਧੂੰਆਂ ਨਿਕਲਦਾ ਸੀ, ਦੋ ਜਣੇ ਉਥੇ ਅੱਗ ਲੈਣ ਚਲੇ ਗਏ। ਦੋ ਜਣੇ ਹਥਿਆਰ ਲੈ ਕੇ ਗੁਰੂ ਜੀ ਕੋਲ ਖੜੇ ਰਹੇ। ਜਦੋਂ ਉਹ ਦੋਵੇਂ ਅੱਗ ਲੈਣ ਜਾ ਰਹੇ ਸਨ ਤਾਂ ਉਨ੍ਹਾਂ ਨੇ ਰਸਤੇ ਵਿਚ ਜਾਂਦੇ ਇਕ ਮਨੁੱਖ ਨੂੰ ਕੁਝ ਜਣੇ ਮਾਰਦੇ, ਗਾਲ੍ਹਾਂ ਕੱਢਦੇ ਤੇ ਬੰਨ੍ਹ ਕੇ ਅੱਗੇ ਲਿਜਾਂਦੇ ਵੇਖਿਆ। ਉਹ ਅੱਗ ਲੈਣ ਵਾਲੇ ਠੱਗ ਉਨ੍ਹਾਂ ਤੋ ਦੂਰ ਹੋ ਕੇ ਲੰਘੇ। ਉਨ੍ਹਾਂ ਨੇ ਜਾ ਕੇ ਚਿਖਾ ਤੋਂ ਅੱਗ ਕੱਢ ਲਈ ਤੇ ਮੁੜ ਆਏ।

ਫਿਰ ਉਨ੍ਹਾਂ ਨੇ ਕੀ ਕੌਤਕ ਵੇਖਿਆ। ਜਿਸ ਮਨੁੱਖ ਨੂੰ ਪਹਿਲਾਂ ਕੁੱਟ-ਮਾਰ ਰਹੇ ਸਨ, ਹੁਣ ਉਸ ਨੂੰ ਬਿਬਾਨ ਵਿਚ ਬਿਠਾ ਕੇ ਲਿਜਾ ਰਹੇ ਸਨ। ਇਹ ਵੇਖ ਕੇ ਉਹ

ਠੱਗ ਬੜੇ ਅਸਚਰਜ ਹੋਏ ਤੇ ਉਨ੍ਹਾਂ ਕੋਲ ਜਾ ਕੇ ਪੁੱਛਣ ਲੱਗੇ, "ਜਿਸ ਨੂੰ ਪਹਿਲਾਂ ਤੁਸੀਂ ਕੁੱਟ-ਮਾਰ ਰਹੇ ਸੀ, ਹੁਣ ਉਸ ਨੂੰ ਬਿਬਾਨ ਵਿਚ ਬਿਠਾਇਆ ਹੈ। ਇਹ ਕੀ ਗੱਲ ਹੈ?"

ਜਮਦੂਤਾਂ ਨੇ ਕਿਹਾ, "ਇਹ ਬਹੁਤ ਵੱਡਾ ਪਾਪੀ ਸੀ। ਇਸ ਨੂੰ ਸਜ਼ਾ ਦੇਣੀ ਹੀ ਬਣਦੀ ਸੀ। ਜਦੋਂ ਗੁਰੂ ਨਾਨਕ ਦੇਵ ਜੀ ਨੇ ਇਸ ਦੇ ਚਿਖਾ ਦੇ ਧੂੰਏਂ ਵੱਲ ਵੇਖਿਆ, ਉਸ ਸਮੇਂ ਇਸ ਦੇ ਸਾਰੇ ਪਾਪ ਨਾਸ਼ ਹੋ ਗਏ ਹਨ ਤੇ ਪੁੰਨੀ ਹੋ ਗਿਆ ਹੈ। ਜਿਸ ਕਰਕੇ ਹੁਣ ਇਸ ਨੂੰ ਸਵਰਗਾਂ ਵਿਚ ਲੈ ਜਾਣ ਵਾਸਤੇ ਬਿਬਾਨ ਵਿਚ ਬਿਠਾਇਆ ਹੈ"।

ਠੱਗ ਕਹਿਣ ਲੱਗੇ, "ਗੁਰੂ ਨਾਨਕ ਦੇਵ ਜੀ ਕੌਣ ਹਨ, ਸਾਨੂੰ ਦੱਸੋ"। ਜਮਦੂਤਾਂ ਨੇ ਕਿਹਾ, "ਜਿਨ੍ਹਾਂ ਵਾਸਤੇ ਤੁਸੀਂ ਅੱਗ ਲੈ ਚੱਲੇ ਹੋ। ਉਹੋ ਗੁਰੂ ਨਾਨਕ ਦੇਵ ਜੀ ਹਨ"। ਇਹ ਸੁਣ ਕੇ ਠੱਗ ਅਸਚਰਜ ਹੋ ਗਏ। ਆਖਣ ਲੱਗੇ, "ਸਾਨੂੰ ਧ੍ਰਿਗ ਹੈ" ਕਹਿ ਕੇ ਦੌੜ ਕੇ ਆਏ। ਆਪਣੇ ਦੋਵੇਂ ਹੱਥਾਂ ਨਾਲ ਗੁਰੂ ਜੀ ਦੇ ਚਰਨ ਫੜ ਲਏ। ਆਖਣ ਲੱਗੇ, "ਆਪ ਜੀ ਦੁੱਖਾਂ ਨੂੰ ਕੱਟਣ ਵਾਲੇ ਹੋ, ਸਾਡੀ ਭੁੱਲ ਭਖ਼ਸ਼ ਦਿਉ"।

ਜਿਹੜਾ ਬਿਰਤਾਂਤ ਵੇਖ ਕੇ ਆਏ ਸਨ, ਉਹ ਆਪਣੇ ਸਾਥੀਆਂ ਨੂੰ ਦੱਸਿਆ। ਇਹ ਸੁਣ ਕੇ ਦੂਜੇ ਵੀ ਗੁਰੂ ਜੀ ਦੇ ਚਰਨਾਂ 'ਤੇ ਲੰਮੇ ਪੈ ਗਏ। ਆਖਣ ਲੱਗੇ, "ਸਾਡੀ ਜੀਵਕਾ ਹੀ ਮਨੁੱਖਾ ਨੂੰ ਮਾਰਨ ਤੇ ਲੁੱਟਣ ਦੀ ਹੈ। ਆਪ ਜੀ ਸਾਰੇ ਸੁੱਖਾਂ ਨੂੰ ਦੇਣ ਵਾਲੇ ਹੋ। ਆਪ ਜੀ ਨੇ ਸਾਨੂੰ ਆਪਣੀ ਸ਼ਕਤੀ ਨਹੀਂ ਵਿਖਾਈ। ਅਸੀਂ ਬਹੁਤ ਪਾਪ ਕੀਤੇ ਹਨ। ਪ੍ਰਭੂ ਜੀ ਆਪ ਜੀ ਪਰਉਪਕਾਰੀ ਹੋ। ਸਾਡੇ ਨਗਰ ਵਿਚ ਚੱਲੋ।"

ਗੁਰੂ ਜੀ ਉਨ੍ਹਾਂ ਦੀ ਬੇਨਤੀ ਮੰਨ ਕੇ ਉਨ੍ਹਾਂ ਨਾਲ ਪਿੰਡ ਨੂੰ ਤੁਰ ਪਏ। ਉਥੇ ਜਾ ਕੇ ਪਿੰਡ ਵਾਲਿਆਂ ਨੂੰ ਸਾਰਾ ਪ੍ਰਸੰਗ ਦੱਸਿਆ ਤੇ ਗੁਰੂ ਜੀ ਦਾ ਚੰਗੀ ਜਗ੍ਹਾ 'ਤੇ ਆਸਣ ਲਾਇਆ। ਸਾਰੇ ਹੀ ਗੁਰੂ ਜੀ ਅੱਗੇ ਭੇਟਾ ਰੱਖ ਕੇ ਮੱਥਾ ਟੇਕਣ ਲੱਗੇ। ਆਖਣ ਲੱਗੇ, "ਸਾਡਾ ਭਲਾ ਕਰੋ ਤੇ ਆਪਣਾ ਉਪਦੇਸ਼ ਦਿਉ। ਅਸੀਂ ਸਾਰੇ ਕੁਕਰਮਾਂ 'ਤੇ ਲੱਗੇ ਸੀ। ਆਪ ਜੀ ਦੀ ਕ੍ਰਿਪਾ ਨਾਲ ਸਾਨੂੰ ਸੁਮੱਤ ਮਿਲੀ ਹੈ"।

ਗੁਰੂ ਜੀ ਨੇ ਕਿਹਾ, "ਤੁਸੀ ਜੀਵ ਹੱਤਿਆ ਛੱਡ ਕੇ ਖੇਤੀ ਕਰਨ ਦੀ ਚੰਗੀ ਮੱਤ ਗ੍ਰਹਿਣ ਕਰੋ। ਤੁਹਾਡੇ ਘਰਾਂ ਵਿਚ ਜਿਤਨਾ ਪਾਪਾਂ ਦਾ ਧਨ ਹੈ, ਉਹ ਸਾਰਾ ਲੁਟਾ ਦਿਉ। ਆਪਣੇ ਹੱਥਾਂ ਨਾਲ ਧਰਮ ਦੀ ਕ੍ਰਿਤ ਕਰੋ। ਉਸ ਕਮਾਈ ਵਿਚੋਂ ਪੁੰਨ ਕਰੋ,

ਵੰਡ ਛਕੋ। ਆਪਣੇ ਪਿੰਡ ਵਿਚ ਧਰਮਸਾਲਾ ਬਣਾਉ। ਲੋੜਵੰਦਾਂ ਨੂੰ ਤੇ ਸਾਧਾਂ ਸੰਤਾਂ ਨੂੰ ਭੋਜਨ ਛਕਾਉ। ਸਦਾ ਵਾਹਿਗੁਰੂ ਸਿਮਰੋ। ਜੋ ਸਾਰੇ ਪਾਪਾਂ ਨੂੰ ਨਾਸ ਕਰਨ ਵਾਲਾ ਹੈ। ਦਿਨੇ ਦਸਾਂ ਨਹੁੰਆਂ ਦੀ ਕਮਾਈ ਕਰੋ। ਸ਼ਾਮ ਨੂੰ ਧਰਮਸਾਲਾ ਵਿਚ ਇਕੱਠੇ ਹੋ ਕੇ ਪ੍ਰਭੂ ਦਾ ਸਿਮਰਨ ਕਰੋ। ਅੰਮ੍ਰਿਤ ਵੇਲੇ ਵੀ ਮਨ ਨੂੰ ਟਿਕਾ ਕੇ ਨਾਮ ਜਪੋ। ਇਸ ਉਪਦੇਸ਼ ਦੀ ਸਦਾ ਕਮਾਈ ਕਰੋ। ਤੁਹਾਡਾ ਜਨਮ ਸਫਲਾ ਹੋ ਜਾਵੇਗਾ"।

ਸਾਰਿਆਂ ਨੇ ਗੁਰੂ ਜੀ ਦੇ ਬਚਨ ਮੰਨ ਕੇ ਆਪਣਾ ਸਾਰਾ ਧਨ ਲੁਟਾ ਦਿੱਤਾ। ਸਾਰੇ ਹੀ ਖੇਤੀ ਦੀ ਕਾਰ ਕਰਨ ਲੱਗ ਪਏ। ਸਾਰਿਆਂ ਨੇ ਮਿਲ ਕੇ ਧਰਮਸਾਲਾ ਬਣਾਈ। ਸਾਰੇ ਹੀ ਭਾਉ-ਭਗਤੀ ਦੇ ਅਧਿਕਾਰੀ ਹੋ ਗਏ। ਗੁਰੂ ਜੀ ਕੁਝ ਕੁ ਦਿਨ ਉਥੇ ਰਹਿ ਕੇ ਉਨ੍ਹਾਂ ਤੋਂ ਵਿਦਾ ਹੋਏ।

## ੬. ਸ੍ਰੀ ਲਹਿਣਾ ਜੀ ਦਾ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਮਿਲਾਪ

ਅੰਮ੍ਰਿਤਸਰ ਜਿਲ੍ਹੇ ਵਿਚ ਇਕ ਖਡੂਰ ਨਾਮ ਦਾ ਬਹੁਤ ਪੁਰਾਣਾ ਪਿੰਡ ਹੈ। ਗੁਰੂ ਨਾਨਕ ਦੇਵ ਜੀ ਵੇਲੇ ਉਥੇ ਇਕ ਧਰਮੀ ਬੰਦਾ ਰਹਿੰਦਾ ਸੀ, ਜਿਸ ਦਾ ਨਾਮ ਲਹਿਣਾ ਸੀ। ਲਹਿਣਾ ਜੀ ਦਾ ਪਿਛਲਾ ਪਿੰਡ ਮੁਕਤਸਰ ਸਾਹਿਬ ਤੋਂ ੨ ਕਿਲੋਮੀਟਰ ਦੂਰ ਮੱਤੇ ਦੀ ਸਰਾਂ ਹੈ। ਇਕ ਵੇਰ ਉਸ ਪਿੰਡ ਨੂੰ ਬਲੋਚ ਲੁਟੇਰਿਆਂ ਨੇ ਲੁੱਟ ਲਿਆ ਤੇ ਉਜਾੜ ਦਿੱਤਾ ਸੀ। ਉਦੋਂ ਤੋਂ ਆਪ ਜੀ ਖਡੂਰ ਸਾਹਿਬ ਆ ਕੇ ਵੱਸ ਗਏ ਸਨ।

ਆਪ ਜੀ ਦਾ ਪ੍ਰਕਾਸ਼ (birth) ਬਿਕ੍ਰਮੀ ਸੰਮਤ ੧੫੬੧, ੨੦ ਵੈਸਾਖ ਮੁਤਾਬਿਕ ੧੫੦੪, ੧੫ ਮਾਰਚ ਨੂੰ ਪਿਤਾ ਬਾਬਾ ਫੇਰੂ ਮੱਲ ਤੇ ਮਾਤਾ ਦਯਾ ਕੌਰ (ਸਭਰਾਈ) ਜੀ ਦੇ ਘਰ ਨਾਂਗੇਂ ਦੀ ਸਰਾਂ ਵਿਚ ਹੋਇਆ।ਆਪ ਜੀ ਦੇ ਮਹਲ ਮਾਤਾ ਖੀਵੀ ਜੀ ਖਡੂਰ ਸਾਹਿਬ ਤੋਂ ਹੀ ਸਨ। ਆਪ ਜੀ ਦੇ ਸਹੁਰਾ ਦੇਵੀ ਦਾਸ, ਸੱਸ ਭਿਰਾਈ ਜੀ ਸੀ। ਪਿੰਡ ਸੰਘਰ ਖਡੂਰ ਸਾਹਿਬ ਤੋਂ ੪ ਕਿਲੋਮੀਟਰ, ਬਾਅਦ ਵਿਚ ਖਡੂਰ ਸਾਹਿਬ ਆ ਕੇ ਵੱਸ ਗਏ ਸਨ। ਆਪ ਜੀ ਦੇ ਦੋ ਪੁੱਤਰ ਦਾਸੂ ਜੀ ਤੇ ਦਾਤੂ ਜੀ ਤੇ ਦੋ ਪੁੱਤਰੀਆਂ ਬੀਬੀ ਅਮਰੋ ਜੀ ਤੇ ਬੀਬੀ ਅਨੋਖੀ ਜੀ ਸਨ। ਆਪ ਜੀ ਦਾ ਸਹੁਰਾ ਜੀ ਜੁਆਲਾਮੁਖੀ ਸੰਗ ਦੇ ਮੁਖੀ ਸਨ ਅਤੇ ਉਨ੍ਹਾਂ ਤੋਂ ਬਾਅਦ ਆਪ ਜੀ ਨੂੰ ਮੁਖੀ ਥਾਪਿਆ ਗਿਆ।

ਉਸੇ ਪਿੰਡ ਗੁਰੂ ਨਾਨਕ ਦੇਵ ਜੀ ਦਾ ਇਕ ਸਿੱਖ ਰਹਿੰਦਾ ਸੀ, ਜਿਸ ਦਾ ਨਾਮ ਭਾਈ ਜੋਧਾ ਸੀ। ਉਹ ਗੁਰੂ ਜੀ ਤੋਂ ਬਗ਼ੈਰ ਹੋਰ ਕਿਸੇ ਨੂੰ ਨਹੀਂ ਸੀ ਮੰਨਦਾ। ਉਹ ਹਰ ਰੋਜ਼ ਅੰਮ੍ਰਿਤ ਵੇਲੇ ਉੱਠ ਕੇ ਬਾਹਰ ਜਾ ਕੇ ਇਸ਼ਨਾਨ ਕਰਦੇ ਤੇ ਬਹਿ ਕੇ ਗੁਰੂ ਕੀ ਬਾਣੀ ਦਾ ਪਾਠ ਕਰਦੇ ਸਨ। ਇਕ ਦਿਨ ਉਥੇ ਸ੍ਰੀ ਲਹਿਣਾ ਜੀ ਚਲੇ ਗਏ। ਪਾਠ ਸੁਣ ਕੇ ਆਪ ਜੀ ਨੂੰ ਬੜਾ ਅਨੰਦ ਆਇਆ ਤੇ ਭਾਈ ਜੋਧਾ ਜੀ ਨੂੰ ਪੁੱਛਿਆ, "ਜਿਸ ਬਾਣੀ ਦਾ ਤੁਸੀਂ ਪਾਠ ਕਰ ਰਹੇ ਸੀ, ਉਹ ਕਿਸ ਮਾਹਾਂਪੁਰਸ਼ ਦੀ ਹੈ ਤੇ ਉਹ ਕਿੱਥੇ ਰਹਿੰਦੇ ਹਨ?"।

ਭਾਈ ਜੋਧਾ ਜੀ ਨੇ ਕਿਹਾ, "ਇਹ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੈ। ਉਹ ਕਰਤਾਰਪੁਰ ਵਿਚ ਰਹਿੰਦੇ ਹਨ"। ਸ੍ਰੀ ਲਹਿਣਾ ਜੀ ਨੇ ਭਾਈ ਜੋਧਾ ਜੀ ਤੋਂ ਉਹ ਸ਼ਬਦ ਲਿਖਾਇਆ। ਉਸ ਵਖਤ ਸ੍ਰੀ ਲਹਿਣਾ ਜੀ ਨੇ ਵਿਚਾਰ ਕੀਤੀ, ਜਿੰਨ੍ਹਾਂ ਨੇ ਇਹੋ ਜਿਹੀ ਸ਼ਾਂਤੀ ਵਾਲੀ ਬਾਣੀ ਉਚਾਰੀ ਹੈ, ਮੈਂ ਉਨ੍ਹਾਂ ਨੂੰ ਗੁਰੂ ਧਾਰਨ ਕਰਾਂਗਾ। ਮੈਂ ਉਨ੍ਹਾਂ

ਦਾ ਸ੍ਰੇਸ਼ਟ ਜੱਸ ਪਹਿਲਾਂ ਵੀ ਸੁਣਿਆ ਸੀ। ਜੁਆਲਾਮੁਖੀ ਨੂੰ ਜਾਣ ਦਾ ਸਮਾਂ ਨੇੜੇ ਆ ਗਿਆ ਹੈ। ਉਥੇ ਜਾਣ ਲੱਗਿਆਂ ਕਰਤਾਰਪੁਰ ਹੋ ਕੇ ਜਾਵਾਂਗੇ।

ਜੁਆਲਾਮੁਖੀ ਜਾਣ ਦਾ ਦਿਨ ਆ ਗਿਆ ਤਾਂ ਆਪ ਜੀ ਨੇ ਸਾਰੇ ਜਥੇ ਦੇ ਪ੍ਰੇਮੀਆਂ ਨੂੰ ਕਿਹਾ, "ਐਤਕੀਂ ਕਰਤਾਰਪੁਰ ਵਿਚ ਦੀ ਹੋ ਕੇ ਚੱਲੀਏ। ਉੱਥੇ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਾਂਗੇ"। ਇਹ ਸੁਣ ਕੇ ਸਾਰਿਆਂ ਨੇ ਹਾਂ ਕਰ ਦਿੱਤੀ। ਸਾਰੇ ਹੀ ਖਡੂਰ ਸਾਹਿਬ ਤੋਂ ਚੱਲ ਕੇ ਕਰਤਾਰਪੁਰ ਪੁੱਜ ਗਏ ਤੇ ਉਥੇ ਜਾ ਕੇ ਇਕ ਬੰਦੇ ਨੂੰ ਪੁੱਛਿਆ, "ਇਹ ਪਿੰਡ ਕਿਸ ਦਾ ਹੈ?" ਉਸ ਨੇ ਕਿਹਾ, "ਇਹ ਪਿੰਡ ਤਪੇ ਗੁਰੂ ਨਾਨਕ ਦੇਵ ਜੀ ਦਾ ਹੈ। ਉਨ੍ਹਾਂ ਕੋਲ ਦੂਰੋਂ ਦੂਰੋਂ ਸੰਗਤਾਂ ਆ ਕੇ ਉਨ੍ਹਾਂ ਦਾ ਉਪਦੇਸ਼ ਧਾਰਨ ਕਰਦੀਆਂ ਹਨ"।

ਸ੍ਰੀ ਲਹਿਣਾ ਜੀ ਨੇ ਨਾਲ ਦੇ ਸੰਗੀਆਂ ਨੂੰ ਕਿਹਾ, "ਤੁਸੀ ਇਥੇ ਟਿਕੋ, ਮੈਂ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰ ਕੇ ਆਉਂਦਾ ਹਾਂ"।

ਉਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਿਚਾਰ ਕੀਤੀ ਸਾਡਾ ਸੇਵਕ, ਜਿਸ ਨੇ ਸਾਡੀ ਗੁਰ-ਗੱਦੀ ਦੇ ਮਾਲਕ ਬਣਨਾ ਹੈ, ਉਹ ਆ ਰਹੇ ਹਨ। ਉਦੋਂ ਗੁਰੂ ਜੀ ਆਪਣਾ ਆਸਣ ਛੱਡ ਕੇ ਪਿੰਡੋਂ ਬਾਹਰ ਆ ਕੇ ਉਸ ਰਸਤੇ 'ਤੇ ਖੜੇ ਹੋ ਗਏ, ਜਿਸ ਪਾਸੋ ਤੋਂ ਸ੍ਰੀ ਲਹਿਣਾ ਜੀ ਆ ਰਹੇ ਸਨ। ਸ੍ਰੀ ਲਹਿਣਾ ਜੀ ਨੇ ਗੁਰੂ ਨਾਨਕ ਦੇਵ ਜੀ ਨੂੰ ਖਲੋਤਿਆਂ ਵੇਖ ਕੇ ਪੁੱਛਿਆ, "ਅਸੀਂ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਨੇ ਹਨ"। ਗੁਰੂ ਜੀ ਨੇ ਕਿਹਾ, "ਸਾਡੇ ਨਾਲ ਆ ਜਾਓ। ਮੈਂ ਤੁਹਾਨੂੰ ਉਨ੍ਹਾਂ ਦੇ ਦਰਸ਼ਨ ਕਰਾ ਦਿਆਂਗਾ"। ਇਹ ਕਹਿ ਕੇ ਗੁਰੂ ਜੀ ਅੱਗੇ ਅੱਗੇ ਤੁਰ ਪਏ ਤੇ ਸ੍ਰੀ ਲਹਿਣਾ ਜੀ ਘੋੜੀ 'ਤੇ ਬੈਠੇ ਉਨ੍ਹਾਂ ਦੇ ਪਿੱਛੇ ਪਿੱਛੇ ਗਏ।

ਜਦੋਂ ਧਰਮਸ਼ਾਲਾ ਦੇ ਲਾਗੇ ਪਹੁੰਚੇ ਤਾਂ ਗੁਰੂ ਜੀ ਨੇ ਕਿਹਾ, "ਘੋੜੀ ਨੂੰ ਇਥੇ ਬੰਨ੍ਹ ਕੇ, ਸਾਹਮਣੇ ਦਰਵਾਜ਼ੇ ਤੋਂ ਅੰਦਰ ਜਾ ਕੇ ਦਰਸ਼ਨ ਕਰ ਲਵੋ। ਗੁਰੂ ਜੀ ਦੂਜੇ ਪਾਸੇ ਦੇ ਦਰਵਾਜ਼ੇ ਤੋਂ ਅੰਦਰ ਆ ਕੇ ਆਪਣੇ ਆਸਣ 'ਤੇ ਬੈਠ ਗਏ। ਸ੍ਰੀ ਲਹਿਣਾ ਜੀ ਨੇ ਘੋੜੀ ਬੰਨ੍ਹ ਕੇ ਅੰਦਰ ਜਾ ਕੇ ਗੁਰੂ ਜੀ ਨੂੰ ਮੱਥਾ ਟੇਕਿਆ ਤੇ ਵੇਖ ਕੇ ਮਨ ਵਿਚ ਕਿਹਾ, "ਇਹ ਤਾਂ ਉਹੋ ਹੀ ਹਨ ਜੋ ਮੈਨੂੰ ਰਸਤਾ ਦੱਸ ਕੇ ਆ ਰਹੇ ਸਨ"। ਆਪ ਜੀ ਨੇ ਸੋਚਿਆ, ਮੈਥੋਂ ਵੱਡਾ ਗੁਨਾਹ ਹੋਇਆ ਹੈ। ਜੇ ਮੈਂ ਜਾਣਦਾ ਤਾਂ ਘੋੜੀ ਤੋਂ ਉਤਰ ਕੇ ਸਤਿਗੁਰਾਂ ਦੇ ਚਰਨਾਂ 'ਤੇ ਮੱਥਾ ਟੇਕਦਾ। ਮੈਂ ਕਿਵੇਂ ਬਖ਼ਸ਼ਿਆ ਜਾਵਾਂਗਾ।"

ਗੁਰੂ ਜੀ ਨੇ ਉਨ੍ਹਾਂ ਦੇ ਮਨ ਦੀ ਜਾਣ ਕੇ ਕਿਹਾ, "ਪੁਰਖਾ! ਤੁਹਾਡੇ ਸਭ ਸੁਖ ਅਨੰਦ ਹੈ?" ਲਹਿਣਾ ਜੀ ਨੇ ਕਿਹਾ, "ਆਪ ਜੀ ਦੇ ਦਰਸ਼ਨ ਕਰ ਕੇ ਬਹੁਤ ਅਨੰਦ ਆਇਆ ਹੈ"।

ਗੁਰੂ ਜੀ ਨੇ ਕਿਹਾ, "ਪੁਰਖਾ! ਤੇਰਾ ਨਾਮ ਕੀ ਹੈ ਤੇ ਘਰ ਕਿਥੇ ਹੈ?" ਸ੍ਰੀ ਲਹਿਣਾ ਜੀ ਨੇ ਕਿਹਾ, "ਜੀ ਮੇਰਾ ਨਾਮ ਲਹਿਣਾ ਹੈ, ਪਿੰਡ ਮੇਰਾ ਖਡੂਰ ਹੈ। ਆਪ ਜੀ ਦਾ ਸ੍ਰੇਸ਼ਟ ਜੱਸ ਸੁਣ ਕੇ ਬਹੁਤ ਸਮੇਂ ਤੋਂ ਮਨ ਵਿਚ ਆਪ ਜੀ ਦੇ ਦਰਸ਼ਨਾਂ ਦੀ ਤਾਂਘ ਸੀ। ਸੋ ਆਪ ਜੀ ਨੇ ਪੂਰੀ ਕਰ ਦਿੱਤੀ ਹੈ"। ਗੁਰੂ ਜੀ ਨੇ ਕਿਹਾ, "ਪੁਰਖਾ ! ਜਿੰਨ੍ਹਾਂ ਨੇ ਲੈਣਾ ਹੁੰਦਾ ਹੈ, ਉਹ ਘੋੜੀ 'ਤੇ ਚੜ੍ਹ ਕੇ ਆਉਂਦੇ ਹਨ । ਜਿਨ੍ਹਾਂ ਨੇ ਦੇਣੇ ਹੁੰਦੇ ਹਨ, ਉਹ ਤੁਰ ਕੇ ਆਉਂਦੇ ਹਨ"।

ਉਸ ਵਕਤ ਲਹਿਣਾ ਜੀ ਨੇ ਵਿਚਾਰ ਕੀਤੀ ਜੇ ਇਹ ਅੰਤਰਜਾਮੀ ਹਨ ਤਾਂ ਮੈਨੂੰ ਆਪੇ ਹੀ ਘਰ ਜਾਣ ਵਾਸਤੇ ਆਖ ਦੇਣ। ਫਿਰ ਮੈਂ ਪਿੰਡੋਂ ਜਾ ਕੇ ਆਵਾਂਗਾ। ਉਸ ਵਕਤ ਅੰਤਰਜਾਮੀ ਗੁਰੂ ਜੀ ਨੇ ਕਿਹਾ, "ਪੁਰਖਾ! ਤੂੰ ਹੁਣ ਘਰ ਨੂੰ ਜਾਹ, ਫਿਰ ਘਰੋਂ ਹੋ ਕੇ ਆਉਣਾ"। ਸ੍ਰੀ ਲਹਿਣਾ ਜੀ ਨੇ ਉਦੋਂ ਤੋਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮਨ ਕਰ ਕੇ ਗੁਰੂ ਧਾਰ ਲਿਆ।

ਸ੍ਰੀ ਲਹਿਣਾ ਜੀ, ਗੁਰੂ ਜੀ ਦੇ ਚਰਨਾਂ 'ਤੇ ਮੱਥਾ ਟੇਕ ਕੇ ਵਿਦਾ ਹੋ ਕੇ ਆਪਣੇ ਸਾਥੀਆਂ ਪਾਸ ਆ ਗਏ ਤੇ ਸਾਥੀਆਂ ਨੂੰ ਕਿਹਾ, "ਤੁਸੀਂ ਜੁਆਲਾਮੁਖੀ ਜਾਉ। ਮੈਂ ਖਡੂਰ ਨੂੰ ਜਾਵਾਂਗਾ"। ਸਾਥੀ ਜੁਆਲਾਮੁਖੀ ਚਲੇ ਗਏ ।

ਇਸ ਤਰ੍ਹਾਂ ਸ੍ਰੀ ਲਹਿਣਾ ਜੀ ਸੰਗ ਨੂੰ ਵਿਦਾ ਕਰ ਕੇ ਖਡੂਰ ਨੂੰ ਆ ਗਏ। ਲੋਕਾਂ ਨੇ ਪੁੱਛਿਆ, "ਆਪ ਜੀ ਜੁਆਲਾਮੁਖੀ ਕਿਉਂ ਨਾ ਗਏ?" ਸ੍ਰੀ ਲਹਿਣਾ ਜੀ ਨੇ ਕਿਸੇ ਨੂੰ ਕੋਈ ਉੱਤਰ ਨਾ ਦਿੱਤਾ। ਸਿੱਧੇ ਘਰ ਨੂੰ ਆ ਗਏ। ਅੰਮ੍ਰਿਤ ਵੇਲੇ ਉੱਠ ਕੇ ਸਵਾ ਮਣ ਲੂਣ ਦੀ ਪੰਡ ਸਿਰ 'ਤੇ ਚੁੱਕ ਕੇ ਕਰਤਾਰਪੁਰ ਨੂੰ ਆ ਗਏ। ਗੁਰੂ ਜੀ ਦੇ ਡੇਰੇ ਆ ਕੇ ਲੂਣ ਦੀ ਪੰਡ ਰੱਖਣ ਮਗਰੋਂ ਮਾਤਾ ਸੁਲੱਖਣੀ ਜੀ ਨੂੰ ਪੁੱਛਿਆ, "ਗੁਰੂ ਜੀ ਕਿੱਥੇ ਗਏ ਹਨ?" ਮਾਤਾ ਜੀ ਨੇ ਕਿਹਾ, "ਖੇਤਾਂ ਵਿਚ ਸੇਵਕਾਂ ਪਾਸੋਂ ਕੰਮ ਕਰਾਉਣ ਗਏ ਹਨ"। ਸ੍ਰੀ ਲਹਿਣਾ ਜੀ ਵੀ ਗੁਰੂ ਜੀ ਨੂੰ ਖੇਤਾਂ ਵਿਚ ਜਾ ਮਿਲੇ ।

ਗੁਰੂ ਜੀ ਉਸ ਵੇਲੇ ਸਿੱਖਾਂ ਤੋਂ ਝੋਨੇ ਦੀ ਪੈਲੀ ਵਿਚੋਂ ਘਾਹ ਬੂਟ ਕਢਵਾ ਰਹੇ ਸਨ। ਸ੍ਰੀ ਲਹਿਣਾ ਜੀ ਨੇ ਗੁਰੂ ਜੀ ਦੇ ਚਰਨਾਂ 'ਤੇ ਮੱਥਾ ਟੇਕ ਕੇ ਉਸੇ ਕੰਮ ਲੱਗ ਗਏ। ਜਦੋਂ ਕੁਝ ਕੁ ਸਮਾਂ ਸੇਵਾ ਕਰਦੇ ਨੂੰ ਹੋਇਆ ਤਾਂ ਗੁਰੂ ਜੀ ਨੇ ਕਿਹਾ, "ਪੁਰਖਾ!

ਇਹ ਕੰਮ ਤੁਹਾਥੋਂ ਚੰਗੀ ਤਰ੍ਹਾਂ ਨਹੀਂ ਹੋ ਰਿਹਾ। ਇਹ ਜੋ ਘਾਹ ਕੱਢਿਆ ਹੈ, ਇਸ ਦੀ ਪੰਡ ਬੰਨ੍ਹ ਕੇ ਘਰ ਨੂੰ ਲੈ ਜਾਉ ਤੇ ਜਾ ਕੇ ਪਸ਼ੂਆਂ ਨੂੰ ਪਾ ਦਿਉ"। ਸ੍ਰੀ ਲਹਿਣਾ ਜੀ ਨੇ ਪੰਡ ਬੰਨ੍ਹ ਕੇ ਚੁੱਕ ਲਈ। ਘਾਹ ਵਿਚੋਂ ਚਿੱਕੜ ਵਾਲਾ ਪਾਣੀ ਉਨ੍ਹਾਂ ਦੇ ਰੇਸ਼ਮੀ (silk) ਕੱਪੜਿਆਂ 'ਤੇ ਪਈ ਗਿਆ ਤੇ ਦਾਗ ਪੈ ਕੇ ਖ਼ਰਾਬ ਹੋ ਗਏ। ਆਪ ਜੀ ਨੇ ਇਸ ਦੀ ਕੋਈ ਪਰਵਾਹ ਨਹੀਂ ਕੀਤੀ। ਘਰ ਆ ਕੇ ਘਾਹ ਪਸ਼ੂਆਂ ਨੂੰ ਪਾ ਦਿੱਤਾ। ਇਹ ਵੇਖ ਕੇ ਮਾਤਾ ਸੁਲੱਖਣੀ ਜੀ ਬਹੁਤ ਅਸਚਰਜ ਹੋਏ। ਆਖਣ ਲੱਗੇ, "ਇਨ੍ਹਾਂ ਦੇ ਤਾਂ ਸਾਰੇ ਕੱਪੜੇ ਤੇ ਸਿਰ ਚਿੱਕੜ ਨਾਲ ਲਿੱਬੜ ਗਿਆ ਹੈ"। ਜਦੋਂ ਸ਼ਾਮ ਨੂੰ ਗੁਰੂ ਜੀ ਦਾਸਾਂ ਸਮੇਤ ਆਏ ਤਾਂ ਮਾਤਾ ਸੁਲੱਖਣੀ ਜੀ ਨੇ ਕਿਹਾ, "ਅੱਜ ਜੋ ਭਲਾ ਪੁਰਸ਼ ਆਇਆ ਹੈ, ਉਸ ਦੇ ਗਲ ਦਾ ਬਹੁ–ਮੁੱਲਾ ਚੋਲਾ ਤੇ ਸਿਰ ਸਾਰੇ ਹੀ ਚਿੱਕੜ ਨਾਲ ਭਰ ਗਏ ਹਨ"।

ਗੁਰੂ ਜੀ ਨੇ ਕਿਹਾ, "ਇਹ ਜੋ ਸਿਰ 'ਤੇ ਪੰਡ ਰੱਖੀ ਸੀ, ਇਹ ਅਸੀਂ ਇਨ੍ਹਾਂ ਨੂੰ ਦੀਨ ਦੁਨੀਆਂ ਦਾ ਛਤਰ ਦੇਣਾ ਕੀਤਾ ਹੈ। ਜੋ ਤੈਨੂੰ ਚਿੱਕੜ ਦਿੱਸ ਰਿਹਾ ਹੈ, ਇਹ ਅਸੀਂ ਕੇਸਰ ਛਿੜਕਿਆ ਹੈ"। ਗੁਰੂ ਜੀ ਦੇ ਇਤਨੇ ਬਚਨਾਂ ਨਾਲ ਉਹ ਚਿੱਕੜ ਕੇਸਰ ਰੂਪ ਹੋ ਗਿਆ। ਮਾਤਾ ਜੀ ਨੇ ਕਿਹਾ, "ਤੁਹਾਡੀ ਤੁਸੀਂ ਜਾਣੋ"। ਗੁਰੂ ਜੀ ਨੇ ਕਿਹਾ, "ਪਾਪਾਂ ਵਿਚ ਡੁੱਬੇ ਹੋਏ ਕਲਜੁਗ ਦੇ ਲੋਕਾਂ ਦੇ ਇਹ ਮਲਾਹ ਹੋਣਗੇ"।

## ੭. ਭਾਈ ਜੀਵਾ ਜੀ

ਗੁਰੂ ਅੰਗਦ ਦੇਵ ਜੀ ਦੇ ਹੁਕਮ ਨਾਲ ਖਡੂਰ ਸਾਹਿਬ ਵਿਚ ਅਤੁੱਟ ਲੰਗਰ ਚੱਲਣ ਲੱਗ ਪਿਆ ਸੀ। ਆਇਆ ਗਿਆ ਹਰ ਕੋਈ ਉਥੋਂ ਭੋਜਨ ਛਕਦਾ ਸੀ। ਬਹੁਤ ਸਾਰੇ ਸਿੱਖ ਲੰਗਰ ਵਿਚ ਬੜੇ ਚਾਅ ਨਾਲ ਸੇਵਾ ਕਰਦੇ ਸਨ। ਜਿੰਨ੍ਹਾਂ ਵਿਚ ਇਕ ਜੀਵਾ ਨਾਮ ਦਾ ਸਿੱਖ ਵੀ ਸੀ। ਉਹ ਬੜੇ ਪ੍ਰੇਮ ਨਾਲ ਦਹੀਂ ਖਿਚੜੀ ਤੇ ਹੋਰ ਪਦਾਰਥ ਛਕਾਉਂਦਾ ਸੀ।

ਇਕ ਦਿਨ ਸੰਧਿਆ ਸਮੇਂ ਬਹੁਤ ਜ਼ੋਰ ਦੀ ਹਨ੍ਹੇਰੀ ਚੱਲਣ ਲੱਗ ਪਈ। ਭਾਈ ਜੀਵਾ ਨੇ ਗੁਰੂ ਜੀ ਨੂੰ ਹੱਥ ਜੋੜ ਕੇ ਬੇਨਤੀ ਕੀਤੀ, "ਸੱਚੇ ਪਾਤਿਸ਼ਾਹ ਜੀ! ਹਨ੍ਹੇਰੀ ਬਹੁਤ ਜ਼ੋਰ ਦੀ ਚੱਲ ਰਹੀ ਹੈ। ਪਤਾ ਨਹੀਂ ਇਹ ਕਦੋਂ ਹਟੇਗੀ। ਇਸ ਵਾਸਤੇ ਆਪ ਬਚਨ ਕਰੋ ਇਹ ਹਟ ਜਾਵੇ। ਹਨ੍ਹੇਰੀ ਹਟੇਗੀ ਤਾਂ ਮੈਂ ਛੇਤੀ ਭੋਜਨ ਤਿਆਰ ਕਰ ਕੇ ਆਪ ਜੀ ਨੂੰ ਛਕਾਵਾਂਗਾ। ਪਿੱਛੋਂ ਭਾਵੇਂ ਫੇਰ ਹਨ੍ਹੇਰੀ ਚੱਲਦੀ ਰਹੇ।

ਗੁਰੂ ਜੀ ਨੇ ਕਿਹਾ, "ਇਹੋ ਜਿਹਾ ਮਨਰੋਥ ਨਹੀਂ ਕਰਨਾ ਚਾਹੀਦਾ। ਇਹ ਪਰਮੇਸ਼ਰ ਦੀ ਰਜ਼ਾ ਵਿਚ ਦਖ਼ਲ ਦੇਣਾ ਹੁੰਦਾ ਹੈ। ਪਰਮੇਸ਼ਰ ਨੇ ਜੋ ਵਾਯੂ ਚਲਾਈ ਹੈ, ਇਸ ਨੇ ਵੀ ਕਈ ਕਾਰਜ ਸੰਵਾਰਨੇ ਹਨ ਤੇ ਕਈ ਜੀਆਂ ਦਾ ਭਲਾ ਕਰਨਾ ਹੈ । ਜੋ ਸਮੁੰਦਰ ਵਿਚ ਕਈ ਚਿਰਾਂ ਤੋਂ ਜਹਾਜ਼ ਖਲੋਤੇ ਹਨ, ਜਿਨ੍ਹਾਂ ਵਿਚ ਹਜ਼ਾਰਾਂ ਜੀਵਾਂ ਦੀ ਰੋਜ਼ੀ ਲੱਦੀ ਹੈ, ਜਦੋਂ ਜਹਾਜ਼ ਇਸ ਹਨੇਰੀ ਨਾਲ ਚੱਲ ਕੇ ਆਪਣੇ ਟਿਕਾਣੇ 'ਤੇ ਲੱਗਣਗੇ, ਜਿਹੜੇ ਸੌਦਾਗਰ ਉਹਨਾਂ ਵਿਚ ਬੈਠੇ ਹਨ, ਉਹ ਆਪਣਾ ਸੌਦਾ ਵੇਚ ਕੇ ਆਪਣੀ ਰੋਜ਼ੀ ਚਲਾਉਣਗੇ। ਪਰਮੇਸ਼ਰ ਉਹਨਾਂ ਨੂੰ ਇਸ ਬਹਾਨੇ ਰੋਜ਼ੀ ਦਿੰਦਾ ਹੈ। "

ਦੂਜਾ ਜਿਥੇ ਤਾਂਬੇ ਦੀ ਧਰਤੀ ਹੈ, ਉਥੇ ਲੱਖਾਂ ਹੀ ਸੱਪ ਰਹਿੰਦੇ ਹਨ, ਜੋ ਬਹੁਤ ਸਮੇਂ ਤੋਂ ਭੁੱਖ ਨਾਲ ਦੁਖੀ ਹਨ। ਇਸ ਹਨੇਰੀ ਨਾਲ ਮਿੱਟੀ ਉੱਡ ਕੇ ਉਥੇ ਜਾਵੇਗੀ । ਉਹ ਸੱਪ ਉਸ ਮਿੱਟੀ ਨੂੰ ਆਪਣੇ ਆਪਣੇ ਕੁੰਡਲਾਂ ਵਿਚ ਇਕੱਠੀ ਕਰ ਕੇ ਸਾਂਭ ਲੈਣਗੇ ਤੇ ਉਸ ਨੂੰ ਖਾ ਕੇ ਆਪਣਾ ਗੁਜ਼ਾਰਾ ਕਰਨਗੇ। ਉਹਨਾਂ ਨੂੰ ਪਰਮੇਸ਼ਰ ਇਸ ਬਹਾਨੇ ਰੋਜ਼ੀ ਦਿੰਦਾ ਹੈ। "

"ਜੇ ਅਸੀਂ ਇਸ ਹਨ੍ਹੇਰੀ ਨੂੰ ਬਚਨ ਕਰ ਕੇ ਰੋਕ ਦਈਏ ਤਾਂ ਕਈ ਕਾਰਜ ਵਿਗੜ ਜਾਣਗੇ। ਕਈ ਜੀਆਂ ਦੀ ਰੋਜ਼ੀ ਮਾਰੀ ਜਾਏਗੀ। ਲੱਖਾਂ ਜੀਆਂ ਦਾ ਸੰਤਾਪ ਸਾਨੂੰ

ਲੱਗੇਗਾ। ਪਰਮੇਸ਼ਰ ਦੇ ਭਾਣੇ ਦੇ ਉਲਟ ਚੱਲਣਾ ਮਨਮੁੱਖਾਂ ਦੀ ਰੀਤੀ ਹੈ। ਗੁਰਮੁਖ ਪਰਮੇਸ਼ਰ ਦੇ ਭਾਣੇ ਨੂੰ ਮਿੱਠਾ ਕਰ ਕੇ ਮੰਨਦੇ ਹਨ। ”

“ਹੇ ਜੀਵਾ! ਤੂੰ ਭੋਜਨ ਬਣਾਉਣ ਵਾਸਤੇ ਸੋਚ ਰਿਹਾ ਹੈਂ, ਉਹ ਚਾਰ ਘੜੀਆਂ ਬਾਅਦ ਬਣ ਜਾਵੇਗਾ। ਜੇ ਹਨ੍ਹੇਰੀ ਨਾ ਹਟੇਗੀ ਤਾਂ ਸਵੇਰੇ ਬਣ ਜਾਵੇਗਾ। ਤੂੰ ਕਿਸੇ ਗੱਲ ਦੀ ਚਿੰਤਾ ਨਾ ਕਰ। ਪਰਮੇਸ਼ਰ ਦੀ ਰਜ਼ਾ ਵਿਚ ਚੱਲਣਾ ਹੀ ਸਿੱਖੀ ਦਾ ਮੁੱਖ ਧਰਮ ਹੈ। ” ਗੁਰੂ ਜੀ ਤੋਂ ਇਹ ਬਚਨ ਸੁਣ ਕੇ ਭਾਈ ਜੀਵਾ ਨੇ ਗੁਰੂ ਜੀ ਦੇ ਚਰਨਾਂ ‘ਤੇ ਮੱਥਾ ਟੇਕਿਆ। ਸਾਰੇ ਸਿੱਖਾਂ ਨੇ ਗੁਰ ਸਿੱਖੀ ਦਾ ਇਹ ਉੱਚਾ ਸੁੱਚਾ ਅਸੂਲ ਚੰਗੀ ਤਰ੍ਹਾਂ ਸਮਝ ਲਿਆ ਤੇ ਹਮੇਸ਼ਾਂ ਵਾਸਤੇ ਇਸ ‘ਤੇ ਚੱਲਣ ਦਾ ਇਕਰਾਰ ਕੀਤਾ।

## ੮. ਖਡੂਰ ਸਾਹਿਬ ਦੇ ਮਲੂਕੇ ਚੌਧਰੀ ਦੀ ਸਾਖੀ

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਉਪਦੇਸ਼ ਵਾਸਤੇ ਸਿੱਖ ਸੰਗਤਾਂ ਦੂਰੋਂ ਦੂਰੋਂ ਆ ਕੇ ਆਪਣੀਆਂ ਮਨੋ-ਕਾਮਨਾਵਾਂ ਪੂਰੀਆਂ ਕਰਦੀਆਂ। ਆਪ ਜੀ ਦਾ ਲੰਗਰ ਅਤੁੱਟ ਚਲਦਾ। ਚਾਰੇ ਵਰਨਾਂ ਦੇ ਲੋਕ ਇਕ ਪੰਗਤ ਵਿਚ ਬੈਠ ਕੇ ਭੋਜਨ ਛਕਦੇ ਸਨ। ਕਰਮ-ਕਾਂਡੀ ਲੋਕ ਗੁਰੂ ਜੀ ਦੀ ਸੰਗਤ ਵਿਚ ਨਹੀਂ ਆਉਂਦੇ। ਗੁਰੂ ਜੀ ਸਾਰਿਆਂ ਨੂੰ ਕਰਮ-ਕਾਂਡਾਂ ਤੇ ਭਰਮਾਂ ਤੋਂ ਛੁਡਾ ਕੇ ਪ੍ਰੇਮਾ-ਭਗਤੀ ਦਾ ਉਪਦੇਸ਼ ਦਿੰਦੇ।

ਖਡੂਰ ਸਾਹਿਬ ਵਿਚ ਇਕ ਮਲੂਕਾ ਨਾਮੇ ਚੌਧਰੀ ਰਹਿੰਦਾ ਸੀ। ਉਸ ਨੂੰ ਭਾਉ-ਭਗਤੀ ਦਾ ਲੇਸ ਮਾਤਰ ਵੀ ਪਤਾ ਨਹੀਂ ਸੀ। ਉਹ ਹਰ ਰੋਜ਼ ਬਹੁਤ ਸ਼ਰਾਬ ਪੀ ਕੇ ਲੋਕਾਂ ਨੂੰ ਵੱਧ ਘੱਟ ਬੋਲਦਾ। ਉਸ ਨੂੰ ਮਿਰਗੀ ਦਾ ਵੱਡਾ ਰੋਗ ਸੀ। ਜਦੋਂ ਉਸ ਨੂੰ ਮਿਰਗੀ ਪੈਂਦੀ ਤਾਂ ਬਹੁਤ ਦੁਖੀ ਹੁੰਦਾ। ਉਸ ਨੇ ਲੋਕਾਂ ਤੋਂ ਗੁਰੂ ਅੰਗਦ ਦੇਵ ਜੀ ਦੀ ਵਡਿਆਈ ਸੁਣੀ ਕਿ ਤਪਾ ਜੀ ਰੋਗੀਆਂ ਦੇ ਰੋਗ ਦੂਰ ਕਰ ਦਿੰਦੇ ਹਨ। ਇਹ ਸੋਚ ਕੇ ਉਹ ਇਕ ਦਿਨ ਗੁਰੂ ਜੀ ਦੇ ਦਰਸ਼ਨਾਂ ਲਈ ਆਇਆ ਤੇ ਨਮਸਕਾਰ ਕੀਤੀ। ਗੁਰੂ ਜੀ ਨੇ ਉਸ ਨੂੰ ਆਦਰ ਨਾਲ ਬਿਠਾਇਆ ਤੇ ਸੁਖ ਸਾਂਦ ਪੁੱਛੀ। ਮਲੂਕੇ ਨੇ ਕਿਹਾ, "ਤਪਾ ਜੀ! ਮੈਂ ਆਪ ਜੀ ਦਾ ਲੋਕਾਂ ਪਾਸੋਂ ਬਹੁਤ ਜੱਸ ਸੁਣਿਆ ਹੈ। ਇਸ ਕਰਕੇ ਮੈਂ ਆਪ ਜੀ ਪਾਸ ਆਇਆ ਹਾਂ। ਮੈਨੂੰ ਤਾਂ ਹੀ ਪਰਤੀਤ ਆਵੇਗੀ ਜੇ ਆਪ ਜੀ ਮੇਰਾ ਮਿਰਗੀ ਦਾ ਰੋਗ ਦੂਰ ਕਰ ਦਿਉਗੇ।"

ਗੁਰੂ ਜੀ ਨੇ ਕਿਹਾ, "ਜੇ ਤੂੰ ਸ਼ਰਾਬ ਪੀਣੀ ਛੱਡ ਦੇਵੇਂ ਤਾਂ ਤੇਰਾ ਮਿਰਗੀ ਦਾ ਰੋਗ ਦੂਰ ਹੋ ਜਾਵੇਗਾ। ਜੇ ਤੂੰ ਕਦੀ ਵੀ ਸਾਡੇ ਹੁਕਮ ਦੀ ਉਲੰਘਣਾ ਕਰ ਕੇ ਫਿਰ ਸ਼ਰਾਬ ਪੀਵੇਂਗਾ ਤਾਂ ਤੈਨੂੰ ਫਿਰ ਮਿਰਗੀ ਦਾ ਰੋਗ ਹੋ ਜਾਵੇਗਾ ਤੇ ਤੂੰ ਮਰ ਜਾਵੇਂਗਾ।" ਮਲੂਕਾ ਚੌਧਰੀ ਇਹ ਬਚਨ ਸੁਣ ਕੇ ਸ਼ਰਾਬ ਨਾ ਪੀਣ ਦਾ ਬਚਨ ਕਰ ਕੇ ਗੁਰੂ ਜੀ ਨੂੰ ਨਮਸਕਾਰ ਕਰ ਕੇ ਘਰ ਨੂੰ ਆ ਗਿਆ । ਉਦੋਂ ਤੋਂ ਉਸ ਨੂੰ ਮਿਰਗੀ ਨਾ ਪੈਣ ਕਰਕੇ ਸੁਖੀ ਹੋ ਗਿਆ ।

ਇਕ ਦਿਨ ਕਾਲੀਆਂ ਘਟਾਵਾਂ ਚੜ੍ਹ ਕੇ ਆਇਆਂ ਤੇ ਬੂੰਦਾ-ਬਾਂਦੀ ਹੋਣ ਲੱਗੀ। ਜਿਸ ਕਰਕੇ ਠੰਡੀ ਹਵਾ ਚੱਲਣ ਲੱਗ ਪਈ। ਮਲੂਕਾ ਚੋਧਰੀ ਗੁਰੂ ਜੀ ਦਾ ਪ੍ਰਤਾਪ ਵੇਖ ਕੇ ਵੀ ਸੁਹਾਵਣਾ ਮੌਸਮ ਵੇਖ ਕੇ ਸਭ ਕੁਝ ਭੁੱਲ ਗਿਆ। ਉਸ ਦਾ ਹਿਰਦਾ ਉੱਛਲਿਆ। ਉਸ ਕੋਲੋਂ ਰਿਹਾ ਨਾ ਗਿਆ । ਉਸ ਨੇ ਉਸੇ ਵੇਲੇ ਸ਼ਰਾਬ ਮੰਗਵਾ ਕੇ ਪੀਤੀ । ਫਿਰ ਉਹ ਚੁਬਾਰੇ ਵਿਚ ਚੜ੍ਹ ਗਿਆ। ਨਸ਼ੇ ਵਿਚ ਧੁੱਤ ਹੋਇਆ ਗੁਰੂ ਜੀ

ਵੱਲ ਵੇਖ ਕੇ ਉੱਚੀ ਆਵਾਜ਼ ਦੇ ਕੇ ਕਹਿਣ ਲੱਗਾ, "ਤਪਾ ਜੀ, ਅੱਜ ਮੈਂ ਆਪ ਜੀ ਦਾ ਹੁਕਮ ਮੋੜ ਦਿੱਤਾ ਹੈ। ਇਹੋ ਜਿਹੀ ਬੂੰਦਾ–ਬਾਂਦੀ ਵਿਚ ਮੈਂ ਇਸ ਦਾ ਅਨੰਦ ਮਾਨਣ ਤੋਂ ਰਹਿ ਨਹੀਂ ਸਕਦਾ ।

ਗੁਰੂ ਜੀ ਨੇ ਉਸ ਦੀ ਆਵਾਜ਼ ਸੁਣ ਕੇ ਹੱਸ ਕੇ ਕਿਹਾ, "ਤੂੰ ਹੁਕਮ ਮੋੜ ਦਿੱਤਾ, ਮਿਰਗੀ ਹੁਕਮ ਦੀ ਬੱਧੀ ਸੀ। ਸਾਵਧਾਨ ਹੋ ਜਾਹ, ਉਹ ਤੇਰੇ ਵੱਲ ਆ ਰਹੀ ਹੈ। ਉਸੇ ਵੇਲੇ ਮਲੂਕੇ ਚੌਧਰੀ ਨੂੰ ਮਿਰਗੀ ਪੈ ਗਈ । ਉਹ ਚੁਬਾਰੇ ਤੋਂ ਉਲਟ ਕੇ ਸਿਰ ਪਰਨੇ ਧਰਤੀ 'ਤੇ ਆ ਡਿੱਗਾ। ਤਤਕਾਲ ਹੀ ਮੂਰਖ ਮਰ ਗਿਆ। ਸਬੰਧੀਆਂ ਨੇ ਉਸ ਦਾ ਸਸਕਾਰ ਕਰ ਦਿੱਤਾ। ਮੂਰਖ ਨੇ ਗੁਰੂ ਜੀ ਨਾਲ ਮਖ਼ੌਲ ਕੀਤਾ ਤਾਂ ਅਧੋਗਤੀ ਨਾਲ ਮਰ ਕੇ ਨਰਕਾਂ ਵਿਚ ਪੈ ਗਿਆ ।

# ੯. ਸ੍ਰੀ ਗੁਰੂ ਅਮਰਦਾਸ ਜੀ ਨੇ ਸੇਵਾ ਆਰੰਭ ਕਰਨੀ

ਸ੍ਰੀ ਗੁਰੂ ਅਮਰਦਾਸ ਜੀ ਨੂੰ ਖਡੂਰ ਸਾਹਿਬ ਗੁਰੂ ਅੰਗਦ ਦੇਵ ਜੀ ਦੇ ਹਜੂਰੀ ਵਿਚ ਰਹਿੰਦਿਆਂ ਕੁਝ ਕੁ ਦਿਨ ਹੀ ਹੋਏ ਸਨ ਤਾਂ ਆਪ ਜੀ ਨੇ ਸੋਚਿਆ, ਜਿਸ ਤਰ੍ਹਾਂ ਸਾਰੇ ਸਿੱਖ ਸੇਵਾ ਕਰ ਕੇ ਗੁਰੂ ਜੀ ਦੀ ਪ੍ਰਸੰਨਤਾ ਲੈ ਰਹੇ ਹਨ, ਇਸੇ ਤਰ੍ਹਾਂ ਮੈਂ ਵੀ ਲਵਾਂ। ਆਪ ਜੀ ਨੇ ਸਿੱਖਾਂ ਪਾਸ ਬੇਨਤੀ ਕੀਤੀ, “ਮੈਨੂੰ ਲੰਗਰ ਵਾਸਤੇ ਜਲ ਲਿਆਉਣ ਦੀ ਤੇ ਗੁਰੂ ਜੀ ਦਾ ਇਸ਼ਨਾਨ ਕਰਾਉਣ ਦੀ ਸੇਵਾ ਬਖ਼ਸ਼ੋ। ਸਾਰਿਆਂ ਤੋਂ ਆਗਿਆ ਲੈ ਕੇ ਜਲ ਭਰਨ ਵਾਸਤੇ ਘੜਾ ਲੈ ਲਿਆ। ਸ੍ਰੀ ਗੁਰੂ ਅੰਗਦ ਦੇਵ ਜੀ ਦੇ ਇਸ਼ਨਾਨ ਵਾਸਤੇ ਨੰਗੇ ਚਰਨੀ ਖਡੂਰ ਸਾਹਿਬ ਤੋਂ ਤੁਰ ਕੇ ਬਿਆਸ ਦਰਿਆ ਤੋਂ ਜਲ ਦੀ ਗਾਗਰ ਭਰ ਕੇ ਪਹਿਰ ਰਾਤ ਰਹਿੰਦੀ ਖਡੂਰ ਸਾਹਿਬ ਆ ਜਾਂਦੇ ਤੇ ਗੁਰੂ ਜੀ ਦਾ ਇਸ਼ਨਾਨ ਕਰਾਉਂਦੇ, ਕੱਪੜੇ ਆਦਿ ਧੋਣ ਦੀ ਸਾਰੀ ਸੇਵਾ ਕਰਦੇ। ਖਡੂਰ ਸਾਹਿਬ ਤੋਂ ਬਿਆਸ ਦਰਿਆ ਦਾ ਇਕ ਪਾਸੇ ਦਾ ਪੈਂਡਾ ਨੌਂ ਕਿਲੋਮੀਟਰ ਹੈ । ਗੁਰੂ ਜੀ ਦੇ ਇਸ਼ਨਾਨ ਤੋਂ ਬਾਅਦ ਬੈਠ ਕੇ ਸਿਮਰਨ ਕਰਦੇ। ਦਿਨੇ ਲੰਗਰ ਵਾਸਤੇ ਜਲ ਦੀ ਸੇਵਾ ਤੇ ਭਾਡੇ ਮਾਂਜਣ ਦੀ ਸੇਵਾ ਤੇ ਹੋਰ ਜੋ ਵੀ ਸੇਵਾ ਮਿਲਦੀ, ਕਰਦੇ ।

ਜਦੋਂ ਆਪ ਜੀ ਨੂੰ ਇਸ ਤਰ੍ਹਾਂ ਸੇਵਾ ਕਰਦਿਆਂ ਇਕ ਸਾਲ ਹੋ ਗਿਆ ਤਾਂ ਸਤਿਗੁਰੂ ਜੀ ਨੇ ਡੇਢ ਕੁ ਮੀਟਰ ਦਾ ਪਰਨਾ ਦਿੱਤਾ। ਉਹ ਆਪ ਜੀ ਨੇ ਗੁਰੂ ਜੀ ਦੀ ਬਖ਼ਸ਼ਿਸ਼ ਸਮਝ ਕੇ ਸਿਰ ‘ਤੇ ਚੰਗੀ ਤਰ੍ਹਾਂ ਰੱਸੀ ਨਾਲ ਬੰਨ੍ਹ ਲਿਆ। ਜਿਸ ਕਰਕੇ ਉਹ ਸਿਰ ਤੋਂ ਡਿੱਗੇ ਨਾ। ਇਸ ਤਰ੍ਹਾਂ ਆਪ ਜੀ ਗੁਰੂ ਜੀ ਦੀ ਤੇ ਸੰਗਤ ਦੀ ਸੇਵਾ ਬੜੇ ਪ੍ਰੇਮ ਨਾਲ ਕਰਦੇ । ਇਸ ਤਰ੍ਹਾਂ ਆਪ ਜੀ ਨੂੰ ਸਾਲ ਪਿੱਛੋਂ ਇਕ ਪਰਨਾ ਮਿਲ ਜਾਂਦਾ । ਉਸ ਨੂੰ ਪਹਿਲੇ ਪਰਨੇ ਦੇ ਉਪਰ ਦੀ ਚੰਗੀ ਤਰ੍ਹਾਂ ਬੰਨ੍ਹ ਲੈਂਦੇ।

ਇਸ ਤਰ੍ਹਾਂ ਸੇਵਾ ਕਰਦਿਆਂ ਜਦੋਂ ਆਪ ਜੀ ਨੂੰ ਅੱਠ ਸਾਲ ਹੋ ਗਏ ਤਾਂ ਆਪ ਜੀ ਦੇ ਹਿਰਦੇ ਵਿਚ ਕੁਝ ਕੁ ਚਾਨਣਾ ਹੋ ਗਿਆ ਤੇ ਕੁਝ ਕੁ ਸ਼ਕਤੀ ਹੋ ਆਈ । ਸ੍ਰੀ ਗੁਰੂ ਅੰਗਦ ਦੇਵ ਜੀ ਦੇ ਚਰਨਾਂ ਦੇ ਅੰਗੂਠੇ ‘ਤੇ ਇਕ ਫੋੜਾ ਸੀ, ਜਿਸ ਵਿਚੋਂ ਪਾਕ ਸਿੰਮਦੀ ਰਹਿੰਦੀ ਸੀ। ਗੁਰੂ ਜੀ ਰਾਤ ਨੂੰ ਲੰਮੇ ਪਏ ਸਨ। ਗੁਰੂ ਅਮਰਦਾਸ ਜੀ ਨੇ ਸੋਚਿਆ ਕਿ ਇਹ ਸ਼ਕਤੀ ਮੇਰੇ ਕਿਸ ਕੰਮ ਆਉਣੀ ਹੈ। ਮੈਂ ਇਸ ਨਾਲ ਗੁਰੂ ਜੀ ਦੇ ਇਸ ਫੋੜੇ ਨੂੰ ਠੀਕ ਕਰ ਦਿਆਂ। ਗੁਰੂ ਜੀ ਸੁਖੀ ਹੋ ਜਾਣਗੇ। ਇਹ ਵਿਚਾਰ ਕੇ ਉਹ ਠੀਕ ਕਰ ਦਿੱਤਾ।

ਜਦੋਂ ਸ੍ਰੀ ਗੁਰੂ ਅੰਗਦ ਦੇਵ ਜੀ ਉੱਠੇ ਤਾਂ ਉਹਨਾਂ ਨੇ ਫੋੜਾ ਠੀਕ ਹੋਇਆ ਵੇਖਿਆ ਤਾਂ ਗੁਰੂ ਅਮਰਦਾਸ ਜੀ ਨੂੰ ਕਿਹਾ, "ਸੁਣ-ਪੁਰਖਾ! ਤੈਥੋਂ ਥੋੜੀ ਜਿਹੀ ਵੀ ਸ਼ਕਤੀ ਨਹੀਂ ਸਹਾਰੀ ਗਈ?" ਉਦੋਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕਿਹਾ, "ਤਿੰਨਾਂ ਲੋਕਾਂ ਦੇ ਮਾਲਕ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਦੋਂ ਸਾਨੂੰ ਗੁਰ-ਗੱਦੀ ਦਿੱਤੀ ਸੀ, ਉਦੋਂ ਉਹਨਾਂ ਨੇ ਇਹਨਾਂ ਪੈਰਾਂ 'ਤੇ ਮੱਥਾ ਟੇਕਿਆ ਸੀ। ਇਸ ਕਰਕੇ ਇਹ ਪੈਰ ਠੀਕ ਹੀ ਦੁਖ ਦੇਣ ਯੋਗ ਹਨ। ਤੂੰ ਇਹ ਰੋਗ ਕਿਉਂ ਹਟਾ ਦਿੱਤਾ ਹੈ। ਹੁਣ ਤੋਂ ਤੁਸੀਂ ਕਿਸੇ ਜਗ੍ਹਾ ਸ਼ਕਤੀ ਨਹੀਂ ਵਿਖਾਉਣੀ, ਭਾਵੇਂ ਕੁਝ ਵੀ ਕਿਉਂ ਨਾ ਹੋਵੇ । ਸਾਡੀ ਇਹ ਸਿੱਖਿਆ ਹਿਰਦੇ ਵਿਚ ਦ੍ਰਿੜ੍ਹ ਕਰੋ।"

ਗੁਰੂ ਅਮਰਦਾਸ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਗੁਰੂ ਜੀ! ਮੈਨੂੰ ਮੁਆਫ਼ ਕਰੋ, ਮੈਂ ਮਨਮੱਤ ਕੀਤੀ ਹੈ। ਆਪ ਜੀ ਦਾ ਬਿਰਦ ਬਖ਼ਸ਼ਿੰਦ ਹੈ।" ਗੁਰੂ ਜੀ ਨੇ ਕਿਹਾ, "ਹੁਣ ਤੁਹਾਨੂੰ ਬਖ਼ਸ਼ ਦਿੰਦੇ ਹਾਂ, ਪਰ ਮੁੜ ਕੇ ਇਹੋ ਜਿਹੀ ਗਲਤੀ ਨਾ ਕਰਿਉ। ਸਾਡੇ ਪੈਰ ਦੇ ਅੰਗੂਠੇ ਨੂੰ ਉਸੇ ਤਰ੍ਹਾਂ ਬਣਾ ਦਿਉ, ਜਿਸ ਤਰ੍ਹਾਂ ਪਹਿਲਾਂ ਸੀ।"

ਗੁਰੂ ਅਮਰਦਾਸ ਜੀ ਨੂੰ ਇਸ ਤਰ੍ਹਾਂ ਸੇਵਾ ਕਰਦਿਆਂ ਗਿਆਰਾਂ ਸਾਲ ਹੋ ਗਏ ਤਾਂ ਆਪ ਜੀ ਦੇ ਸਿਰ 'ਤੇ ਗਿਆਰਾਂ ਪਰਨੇ ਹੋ ਗਏ। ਜਦੋਂ ਆਪ ਜੀ ਸੇਵਾ ਕਰਦਿਆਂ ਬਾਰਵੇਂ ਸਾਲ ਵਿਚ ਗਏ ਤਾਂ ਆਪ ਜੀ ਦਾ ਸਰੀਰ ਕਾਫ਼ੀ ਬਿਰਧ ਹੋ ਗਿਆ ਸੀ। ਆਪ ਜੀ ਦੀ ਘਾਲ ਕਮਾਈ ਵੇਖ ਕੇ ਸਾਰੇ ਸਿੱਖ ਬਹੁਤ ਅਸਚਰਜ ਹੁੰਦੇ। ਮੂਰਖ ਲੋਕ ਆਪ ਜੀ ਦੀ ਬਹੁਤ ਨਿੰਦਾ ਕਰਦੇ, ਇਹ ਘਰੋਂ ਕੱਢੇ ਹਨ, ਇਹਨਾਂ ਕੋਲ ਮਾਇਆ ਨਹੀਂ ਹੈ। ਇਹ ਪਰਾਏ ਟੁੱਕੜੇ ਖਾਣ ਜੋਗੇ ਹਨ। ਗੁਰੂ ਜੀ ਨਿਆਸਰਿਆਂ ਨੂੰ ਆਸਰਾ ਦੇਣ ਵਾਲੇ ਹਨ, ਇਸ ਕਰਕੇ ਇਹ ਇੱਥੇ ਆ ਗਏ ਹਨ। ਨਿੰਦਕਾਂ ਪਾਸੋਂ ਨਿੰਦਾ ਸੁਣ ਕੇ ਆਪ ਜੀ ਨੂੰ ਖ਼ੁਸ਼ੀ ਗਮੀ ਕੋਈ ਨਹੀਂ ਹੁੰਦੀ । ਸਿਰਫ਼ ਸੇਵਾ ਕਰਨ ਦਾ ਮਨ ਵਿਚ ਚਾਉ ਹੁੰਦਾ।

ਜਦੋਂ ਗੁਰੂ ਅਮਰਦਾਸ ਜੀ ਨੂੰ ਸੇਵਾ ਕਰਦਿਆਂ ਬਾਰਵਾ ਸਾਲ ਬੀਤਣ ਲੱਗਾ ਤਾਂ ਇਕ ਦਿਨ ਪਰਮੇਸ਼ਰ ਦਾ ਭਾਣਾ ਇਹੋ ਜਿਹਾ ਵਰਤਿਆ ਕਿ ਜਦੋਂ ਰਾਤ ਨੂੰ ਬਿਆਸ ਦਰਿਆ ਤੋਂ ਜਲ ਲੈਣ ਗਏ। ਸਰਦ ਰੁੱਤ ਦਾ ਮੌਸਮ ਸੀ, ਕਾਲੀਆਂ ਘਟਾਵਾਂ ਚੜ੍ਹੀਆਂ ਹੋਈਆਂ ਸਨ। ਮੀਂਹ ਤੇ ਹਨੇਰੀ ਵਗ ਰਹੀ ਸੀ, ਜਿਸ ਕਰਕੇ ਰਾਹ ਵਿਚ ਚਿੱਕੜ ਹੋ ਗਿਆ ਸੀ। ਜਦੋਂ ਆਪ ਜੀ ਬਿਆਸ ਦਰਿਆ ਤੋਂ ਜਲ ਲੈ ਕੇ ਆ ਰਹੇ ਸਨ ਤਾਂ ਪਿੰਡ ਤਕ ਆਉਂਦਿਆਂ ਇਤਨਾ ਮੀਂਹ ਪਿਆ, ਜਿਸ ਕਰਕੇ ਪਾਣੀ ਹੀ

ਪਾਣੀ ਹੋ ਗਿਆ । ਹਨ੍ਹੇਰੀ ਤੇ ਪਾਣੀ ਹੋਣ ਕਰਕੇ ਰਾਹ ਦਾ ਪਤਾ ਨਹੀਂ ਲੱਗ ਰਿਹਾ ਸੀ।

ਰਾਹ ਲਾਗੇ ਜੁਲਾਹਿਆਂ ਦਾ ਘਰ ਸੀ। ਆਪ ਜੀ ਉਧਰ ਨੂੰ ਚਲੇ ਗਏ। ਜੁਲਾਹੇ ਨੇ ਖੱਡੀ ਵਾਸਤੇ ਕਰੀਰ ਦਾ ਕਿੱਲਾ (stump) ਗੱਡਿਆ ਸੀ। ਆਪ ਜੀ ਨੂੰ ਉਸ ਕਿੱਲੇ ਨਾਲ ਠੇਡਾ ਲੱਗਾ ਤਾਂ ਖੱਡੀ (shallow well) ਦੇ ਟੋਏ ਵਿਚ ਡਿੱਗ ਪਏ। ਗਾਗਰ ਡਿੱਗਣ ਜਾਂ ਪਾਣੀ ਡੁੱਲ੍ਹਣ ਨਾ ਦਿੱਤਾ। ਡਿੱਗਣ ਦਾ ਖੜਾਕ ਸੁਣ ਕੇ ਜੁਲਾਹਾ ਜਾਗ ਪਿਆ ਤੇ ਬੋਲਿਆ, "ਇਸ ਮੀਂਹ ਹਨ੍ਹੇਰੀ ਵਿਚ ਬਾਹਰ ਕੋਈ ਖੱਡੀ ਦੇ ਟੋਏ ਵਿਚ ਡਿੱਗ ਪਿਆ ਹੈ। ਕੌਣ ਹੋ ? ਦੱਸੋ ।" ਗੁਰੂ ਅਮਰਦਾਸ ਜੀ ਨੇ ਕਿਹਾ, "ਮੈਂ, ਗੁਰੂ ਜੀ ਦਾ ਸੇਵਕ, ਜਲ ਲੈ ਕੇ ਆ ਰਿਹਾ ਹਾਂ ।" ਜੁਲਾਹੇ ਨੇ ਕਿਹਾ, "ਇਸ ਮੀਂਹ ਹਨੇਰੀ ਵਿਚ ਕਿਹੜਾ ਸੇਵਕ ਹੈ? " ਜੁਲਾਹੀ ਨੇ ਕਿਹਾ, "ਹੋਣਾ ਏ ਅਮਰੂ ਨਿਥਾਵਾਂ, ਇਸ ਵਕਤ ਫਿਰਦਾ। ਇਸ ਨੂੰ ਨਾ ਦਿਨੇ ਚੈਨ, ਨਾ ਰਾਤ ਆਰਾਮ। ਪੇਟ ਦੀ ਖ਼ਾਤਰ ਗੁਰੂ ਦਾ ਜਲ ਢੋਂਦਾ ਹੈ ।

ਗੁਰੂ ਅਮਰਦਾਸ ਜੀ ਨੇ ਕਿਹਾ, "ਮੈਂ ਨਿਥਾਵਾਂ ਨਹੀ, ਮੇਰੇ ਥਾਂ ਸਤਿਗੁਰੂ ਜੀ ਹਨ, ਕਮਲੀਏ! ਤੈਨੂੰ ਅਕਲ ਨਹੀਂ ਹੈ। ਸਤਿਗੁਰੂ ਜੀ ਜਗਤ ਦੇ ਦਾਤਾ ਹਨ।" ਇਹ ਕਹਿ ਕੇ ਗੁਰੂ ਅਮਰਦਾਸ ਜੀ ਜਲ ਦੀ ਗਾਗਰ ਲੈ ਕੇ ਆ ਗਏ । ਆ ਕੇ ਗੁਰੂ ਜੀ ਦਾ ਇਸ਼ਨਾਨ ਕਰਵਾਇਆ । ਉਧਰ ਆਪ ਜੀ ਦੇ ਬਚਨਾਂ ਨਾਲ ਜੁਲਾਹੀ ਕਮਲੀ ਹੋ ਗਈ ।

ਸਤਿਗੁਰੂ ਅੰਗਦ ਦੇਵ ਜੀ ਜਾਣੀ ਜਾਣ ਨੇ ਸਵੇਰੇ ਗੁਰੂ ਅਮਰਦਾਸ ਜੀ ਨੂੰ ਕਿਹਾ, "ਜਦੋਂ ਰਾਤ ਨੂੰ ਜਲ ਲੈ ਕੇ ਆ ਰਹੇ ਸੀ, ਤੁਹਾਨੂੰ ਕਿਸੇ ਨੇ ਕੀ ਕਿਹਾ ਸੀ? " ਗੁਰੂ ਅਮਰਦਾਸ ਜੀ ਨੇ ਕਿਹਾ, " ਆਪ ਜੀ ਅੰਤਰਜਾਮੀ ਹੋ। ਕਹੇ ਤੋਂ ਬਿਨਾਂ ਸਭ ਕੁਝ ਜਾਣਦੇ ਹੋ। ਮੈਂ ਡਰਦਾ ਹਾਂ ਕਿ ਮੇਰੇ ਮੂੰਹੋਂ ਹੋਰ ਗੱਲ ਨਾ ਨਿਕਲ ਜਾਵੇ।" ਇਹ ਸੁਣ ਕੇ ਗੁਰੂ ਜੀ ਨੇ ਜੁਲਾਹੇ ਤੇ ਜੁਲਾਹੀ ਨੂੰ ਸੱਦਿਆ। ਦੋਵੇਂ ਜਣੇ ਆ ਕੇ ਗੁਰੂ ਜੀ ਦੇ ਹਾਜ਼ਰ ਹੋਏ। ਗੁਰੂ ਜੀ ਦੇ ਦਰਸ਼ਨ ਕਰ ਕੇ ਜੁਲਾਹੀ ਠੀਕ ਹੋ ਗਈ।

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕਿਹਾ, "ਸਾਡੇ ਕੋਲ ਸੱਚੀ ਸੱਚੀ ਦੱਸੋ, ਰਾਤ ਕੀ ਗੱਲ ਹੋਈ ਸੀ? " ਜੁਲਾਹੇ ਨੇ ਡਰਦੇ ਹੋਏ ਕਿਹਾ, " ਮੈਂ ਡਿੱਗਣ ਦਾ ਖੜਾਕ ਸੁਣ ਕੇ ਆਪਣੀ ਘਰਵਾਲੀ ਨੂੰ ਕਿਹਾ ਕਿ ਬਾਹਰ ਖੱਡੀ ਦੇ ਟੋਏ ਵਿਚ ਕੋਈ ਡਿੱਗ ਪਿਆ ਜਾਪਦਾ ਹੈ। ਇਸ ਨੇ ਕਿਹਾ ਕਿ ਹੋਣਾ ਏ ਅਮਰੂ ਨਿਥਾਵਾਂ, ਇਸ ਨੂੰ ਨਾ ਦਿਨੇ ਚੈਨ

ਨਾ ਰਾਤ ਆਰਾਮ। ਤੁਹਾਡੇ ਦਾਸ ਨੇ ਉਦੋਂ 'ਕਮਲੀਏ, ਮੇਰਾ ਥਾਂ ਟਿਕਾਣਾ ਗੁਰੂ ਜੀ ਹਨ' ਕਿਹਾ। ਉਦੋਂ ਤੋਂ ਇਹ ਕਮਲੀ ਹੋ ਗਈ, ਹੁਣ ਆਪ ਜੀ ਦੇ ਦਰਸ਼ਨ ਕਰ ਕੇ ਠੀਕ ਹੋ ਗਈ!" ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰਦਾਸ ਜੀ ਨੂੰ ਪੁੱਛਿਆ, "ਕਿਉਂ ਪੁਰਖਾ! ਇਸੇ ਤਰ੍ਹਾਂ ਕਿਹਾ!" ਗੁਰੂ ਅਮਰਦਾਸ ਜੀ ਨੇ ਕਿਹਾ, "ਹਾਂ ਜੀ, ਇਸੇ ਤਰ੍ਹਾਂ ਵਾਰਤਾ ਹੋਈ। ਇਸ ਨੇ ਆਪ ਜੀ ਦੀ ਸੇਵਾ 'ਤੇ ਤਰਕ ਕੀਤੀ ਸੀ । ਮੈਥੋਂ ਇਹ ਗੱਲ ਸਹਾਰੀ ਨਹੀਂ ਗਈ। "

ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ ਦੀ ਬਹੁਤ ਘਾਲ ਕਮਾਈ ਵੇਖ ਕੇ, ਉਹਨਾਂ ਨੂੰ ਬਖ਼ਸ਼ਿਸ਼ ਤੇ ਵਰ ਦੇਣ ਲੱਗੇ। ਕਿਹਾ, "ਤੁਸੀਂ ਨਿਥਾਵਿਆਂ ਦੇ ਥਾਂ, ਨਿਮਾਣਿਆਂ ਦੇ ਮਾਣ, ਨਿਓਟਿਆਂ ਦੀ ਓਟ, ਨਿਆਸਰਿਆਂ ਦੇ ਆਸਰੇ, ਨਿਗਤਿਆਂ ਦੀ ਗਤ, ਨਿਪੱਤਿਆਂ ਦੀ ਪੱਤ ਹੋ ।" ਇਸ ਤਰ੍ਹਾਂ ਗੁਰੂ ਅਮਰਦਾਸ ਜੀ ਨੂੰ ਆਪ ਜੀ ਨੇ ਬਾਰਾਂ ਵਰ ਦਿੱਤੇ ਤੇ ਕਿਹਾ," ਤੁਹਾਡੇ ਬਰਾਬਰ ਹੋਰ ਕੋਈ ਨਹੀਂ ।" ਇਸ ਤਰ੍ਹਾਂ ਆਖ ਕੇ ਗੁਰੂ ਅਮਰਦਾਸ ਜੀ ਨੂੰ ਆਪ ਜੀ ਨੇ ਆਪਣੇ ਗਲ ਨਾਲ ਲਾਇਆ ਤੇ ਕਿਹਾ, "ਸਾਡੇ ਨਾਲ ਮਿਲ ਕੇ ਤੁਸੀਂ ਸਾਡਾ ਹੀ ਸਰੂਪ ਹੋ ਗਏ ਹੋ।" ਇਸ ਤਰ੍ਹਾਂ ਆਖ ਕੇ ਗੁਰੂ ਅਮਰਦਾਸ ਜੀ ਦਾ ਇਸਨਾਨ ਕਰਵਾਇਆ ਤੇ ਨਵੀਂ ਪੁਸ਼ਾਕ ਪਹਿਨਾਈ। ਸਾਰੀ ਸੰਗਤ ਨੂੰ ਕਿਹਾ, "ਇਹਨਾਂ ਨੂੰ ਅਸੀਂ ਆਪਣੀ ਗੁਰਤਾ ਗੱਦੀ ਦੇਣੀ ਹੈ। "

ਗੁਰੂ ਅੰਗਦ ਦੇਵ ਜੀ ਨੇ ਆਪ ਜੀ ਨੂੰ ਕਿਹਾ, "ਹੁਣ ਤੁਸੀਂ ਖਡੂਰ ਛੱਡ ਕੇ ਹੋਰ ਕਿਤੇ ਜਾ ਕੇ ਵੱਸੋ। ਜਦੋਂ ਸਾਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰ-ਗੱਦੀ ਦਿੱਤੀ ਸੀ ਤਾਂ ਸਾਨੂੰ ਕਿਹਾ ਸੀ ਕਿ ਜਿਥੇ ਅਸੀਂ ਵੱਸਦੇ ਹਾਂ, ਉਹ ਅਸਥਾਨ ਛੱਡ ਕੇ ਆਪਣੇ ਨਗਰ ਚਲੇ ਜਾਉ। ਉਦੋਂ ਅਸੀਂ ਇਥੇ ਆ ਗਏ। ਦਾਸੂ ਤੇ ਦਾਤੂ ਜੀ ਇਥੇ ਰਹਿਣਗੇ। ਜੇ ਤੁਸੀਂ ਇੱਥੇ ਰਹੋਗੇ ਤਾਂ ਸਾਡੇ ਪੁੱਤਰ ਤੁਹਾਡੇ ਨਾਲ ਈਰਖਾ ਕਰਨਗੇ। "

ਜਿਸ ਕਰੀਰ ਦੇ ਕਿੱਲੇ ਨਾਲ ਸ੍ਰੀ ਗੁਰੂ ਅਮਰਦਾਸ ਜੀ ਦਾ ਚਰਨ ਲੱਗਾ ਸੀ, ਉਹ ਕਰੀਰ ਹਰਾ ਹੋ ਕੇ ਵੱਡਾ ਰੁੱਖ ਬਣ ਗਿਆ। ਬਾਆਦ ਵਿਚ ਉਸ ਖੱਡੀ ਵਾਲੇ ਅਸਥਾਨ 'ਤੇ ਗੁਰਦੁਆਰਾ ਖੱਡੀ ਸਾਹਿਬ ਬਣ ਗਿਆ। ਉਦੋਂ ਉਹ ਕਰੀਰ ਉੱਥੋਂ ਪੁੱਟ ਦਿੱਤਾ ਸੀ। ਉਸ ਦਾ ਕੁਝ ਹਿੱਸਾ ਹੁਣ ਵੀ ਗੁਰਦੁਆਰੇ ਅੰਦਰ ਸ਼ੀਸ਼ੇ ਵਿਚ ਰੱਖਿਆ ਹੈ।

## ੧੦. ਲੰਗੜੇ ਦੀ ਲੱਤ ਪੂਰੀ ਕਰਨੀ

ਗੋਇੰਦਵਾਲ ਸਾਹਿਬ ਤੋਂ ਸਿੱਧਾ ਬਿਆਸ ਦਰਿਆ ਤੋਂ ਪਾਰ ੮ ਕਿਲੋਮੀਟਰ ਦੂਰ ਕਪੂਰਥਲੇ ਜ਼ਿਲ੍ਹੇ ਵਿਚ ਤਲਵੰਡੀ ਪਿੰਡ ਹੈ। ਉੱਥੇ ਇਕ ਸਿੱਖ ਰਹਿੰਦਾ ਸੀ, ਉਸ ਦੀ ਇਕ ਲੱਤ ਲੰਗੜੀ ਸੀ, ਜਿਸ ਕਰਕੇ ਉਹ ਫੌੜੀ ਦੇ ਸਹਾਰੇ ਤੁਰਦਾ ਸੀ। ਉਹ ਆਪਣੇ ਪਿੰਡ ਤੋਂ ਰੋਜ਼ ਸ਼ਰਧਾ ਨਾਲ ਗੁਰੂ ਜੀ ਵਾਸਤੇ ਦਹੀਂ ਲਿਆਉਂਦਾ ਸੀ। ਉਸ ਨੂੰ ਇਹ ਸੇਵਾ ਕਰਦਿਆਂ ਬਹੁਤ ਸਮਾਂ ਹੋ ਗਿਆ ਸੀ। ਇਹ ਸੇਵਾ ਉਹ ਨੇਮ ਨਾਲ ਕਰਦਾ ਸੀ, ਭਾਵੇਂ ਕਿਤਨਾ ਹੀ ਮੀਂਹ ਕਿਉਂ ਨਾ ਪਵੇ।

ਇਕ ਦਿਨ ਉਹ ਦਹੀਂ ਲੈ ਕੇ ਆ ਰਿਹਾ ਸੀ। ਰਸਤੇ ਵਿਚ ਉਸ ਨੂੰ ਪਿੰਡ ਦਾ ਚੌਧਰੀ ਮਿਲਿਆ। ਉਸ ਨੇ ਮਖ਼ੌਲ ਕਰਦੇ ਨੇ ਉਸ ਦੀ ਫੌੜੀ ਖੋਹ ਲਈ ਤੇ ਆਖਣ ਲੱਗਾ, "ਤੂੰ ਸਦਾ ਹੀ ਆਪਣੇ ਗੁਰੂ ਕੋਲ ਜਾਂਦਾ ਹੈਂ ਤੇ ਪ੍ਰੇਮ ਨਾਲ ਉਨ੍ਹਾਂ ਨੂੰ ਦਹੀਂ ਛਕਾਉਂਦਾ ਹੈਂ। ਉਨ੍ਹਾਂ ਨੇ ਹੁਣ ਤਕ ਤੇਰੀ ਲੱਤ ਠੀਕ ਨਹੀਂ ਕੀਤੀ। ਇਸ ਕਰਕੇ, ਤੇਰਾ ਗੁਰੂ ਜੀ ਕੋਲ ਜਾਣਾ ਤੇ ਸੇਵਾ ਕਰਨੀ, ਸਭ ਵਿਅਰਥ ਹੈ। ਤੂੰ ਆਉਂਦਿਆਂ ਜਾਂਦਿਆਂ ਦੁਖੀ ਹੁੰਦਾ ਹੈਂ। ਤੇਰੇ ਗੁਰੂ ਜੀ ਨੇ ਇਹ ਵੀ ਦੁੱਖ ਦੂਰ ਨਹੀਂ ਕੀਤਾ। ਗੋਇੰਦਵਾਲ ਸਾਹਿਬ ਉਨ੍ਹਾਂ ਨੇ ਕਈ ਮਰੇ ਹੋਏ ਜਿਓਂਦੇ ਕਰ ਦਿੱਤੇ ਹਨ। ਉਨ੍ਹਾਂ ਦੀ ਕਰਾਮਾਤ ਨੂੰ ਸਾਰੇ ਜਾਣਦੇ ਹਨ। ਤੇਰੇ 'ਤੇ ਕਿਰਪਾ ਕਰ ਕੇ ਹੁਣ ਤਕ ਤੇਰੀ ਲੱਤ ਠੀਕ ਕਿਉਂ ਨਹੀਂ ਕੀਤੀ"।

ਉਸ ਲੰਗੜੇ ਸਿੱਖ ਨੇ ਕਿਹਾ, "ਮੈਨੂੰ ਨਾ ਰੋਕੋ। ਮੇਰਾ ਇਸ ਜਗ੍ਹਾ ਸਮਾਂ ਖ਼ਰਾਬ ਹੋ ਰਿਹਾ ਹੈ"। ਤੇ ਕਿਹਾ, ਮੇਰੇ ਗੁਰੂ ਜੀ ਬੇਪਰਵਾਹ ਹਨ। ਉਹ ਇਕ ਖਿਨ ਵਿਚ ਜੋ ਚਾਹੁਣ ਕਰ ਸਕਦੇ ਹਨ। ਮੈਂ ਉਨ੍ਹਾਂ ਦੇ ਹੁਕਮ ਵਿਚ ਖ਼ੁਸ਼ ਹਾਂ। ਗੁਰੂ ਜੀ ਸਦਾ ਹੀ ਸਿੱਖਾਂ ਦਾ ਭਲਾ ਕਰਦੇ ਹਨ"। ਇਸ ਤਰ੍ਹਾ ਕਹਿ ਕੇ ਉਸ ਨੇ ਆਪਣੀ ਫੌੜੀ ਮੰਗੀ। ਬਹੁਤ ਸਮਾਂ ਤੰਗ ਕਰ ਕੇ ਚੌਧਰੀ ਨੇ ਫੌੜੀ ਮੋੜੀ। ਉਹ ਸਿੱਖ ਫੌੜੀ ਦੇ ਸਹਾਰੇ ਉੱਥੋਂ ਤੁਰ ਪਿਆ।

ਇਧਰ ਗੋਇੰਦਵਾਲ ਸਾਹਿਬ ਸਤਿਗੁਰੂ ਜੀ ਭੋਜਨ ਛਕਣ ਵਾਸਤੇ ਲੰਗਰ ਵਿਚ ਬੈਠੇ ਸਨ । ਥਾਲ਼ਾ ਵਿਚ ਸਾਰੀ ਸੰਗਤ ਅੱਗੇ ਭੋਜਨ ਪਰੋਸ ਦਿੱਤਾ ਸੀ। ਉਸ ਸਮੇਂ ਗੁਰੂ ਜੀ ਪੰਗਤ ਵਿਚ ਬੈਠੇ ਰਹੇ, ਭੋਜਨ ਨਾ ਛਕਿਆ। ਗੁਰੂ ਜੀ ਨੂੰ ਵੇਖ ਕੇ ਸਾਰੀ ਸੰਗਤ ਨੇ ਵੀ ਭੋਜਨ ਨਾ ਛਕਿਆ। ਉਸ ਸਮੇਂ ਭਾਈ ਬੱਲੂ ਨੇ ਕਿਹਾ, "ਪ੍ਰਭੂ ਜੀ! ਆਪ ਜੀ ਭੋਜਨ ਕਿਉਂ ਨਹੀਂ ਛਕਦੇ?" ਗੁਰੂ ਜੀ ਨੇ ਕਿਹਾ, "ਅਸੀਂ ਓਦੋਂ ਤਕ ਭੋਜਨ

ਨਹੀਂ ਛਕਾਂਗੇ, ਜਦੋਂ ਤਕ ਸਾਡਾ ਪ੍ਰੇਮੀ ਸਿੱਖ ਦਹੀਂ ਲੈ ਕੇ ਨਹੀਂ ਆ ਜਾਂਦਾ। ਅੱਜ ਉਸ ਨੂੰ ਪਿੰਡ ਤੋਂ ਆਉਂਦਿਆਂ ਰਸਤੇ ਵਿਚ ਦੇਰ ਹੋ ਗਈ ਹੈ"।

ਕੁਝ ਕੁ ਸਮੇਂ ਪਿੱਛੋਂ ਉਹ ਲੰਗੜਾ ਸਿਖ ਦਹੀਂ ਲੈ ਕੇ ਆ ਗਿਆ ਤੇ ਗੁਰੂ ਜੀ ਨੂੰ ਆ ਕੇ ਮੱਥਾ ਟੇਕਿਆ। ਉਦੋਂ ਗੁਰੂ ਜੀ ਨੇ ਭੋਜਨ ਛਕਿਆ ਤੇ ਸਾਰੀ ਸੰਗਤ ਨੇ ਵੀ ਭੋਜਨ ਛਕਿਆ।

ਭੋਜਨ ਛਕਣ ਤੋਂ ਬਾਅਦ ਗੁਰੂ ਜੀ ਨੇ ਉਸ ਸਿੱਖ (ਲੰਗੜੇ) ਨੂੰ ਪੁੱਛਿਆ, "ਅੱਜ ਤੂੰ ਇਤਨੀ ਦੇਰ ਕਿਉਂ ਲਾਈ?" ਸਿੱਖ ਨੇ ਕਿਹਾ, "ਅੱਜ ਰਾਹ ਵਿਚ ਮੈਨੂੰ ਪਿੰਡ ਦਾ ਚੌਧਰੀ ਮਿਲਿਆ। ਉਸ ਨੇ ਕਿਹਾ ਕਿ ਤੂੰ ਸਮਰੱਥ ਗੁਰੂ ਦੀ ਸੇਵਾ ਕਰਦਾ ਹੈਂ। ਹੁਣ ਤਕ ਉਨ੍ਹਾਂ ਨੇ ਤੇਰੀ ਲੰਗੜੀ ਲੱਤ ਕਿਉਂ ਨਹੀਂ ਠੀਕ ਕੀਤੀ? ਜੇ ਤੇਰੀ ਲੰਗੜੀ ਲੱਤ ਠੀਕ ਨਾ ਹੋਈ ਤਾਂ ਤੇਰੀ ਇਹ ਸੇਵਾ ਵਿਅਰਥ ਹੈ। ਉਸ ਨੇ ਮੇਰੀ ਫੌੜੀ ਖੋਹ ਲਈ। ਇਸ ਤਰਾਂ ਗੱਲਾਂ ਕਰਦਿਆਂ ਨੇ ਬਹੁਤ ਦੇਰ ਬਾਅਦ ਫੌੜੀ ਦਿੱਤੀ। ਇਸ ਕਰਕੇ ਮੈਨੂੰ ਦੇਰ ਲੱਗ ਗਈ ਹੈ"।

ਗੁਰੂ ਜੀ ਨੇ ਕਿਹਾ, "ਤੂੰ ਸ਼ਾਹ ਹੁਸੈਨ ਪਾਸ ਜਾਹ ਤੇ ਪ੍ਰੇਮ ਨਾਲ ਮਿਲ। ਉਸ ਕੋਲੋਂ ਆਪਨੀ ਲੱਤ ਠੀਕ ਕਰਾ ਲੈ"।

ਸ਼ਾਹ ਹੁਸੈਨ ਇਕ ਮੁਸਲਮਾਨ ਫ਼ਕੀਰ ਸੀ, ਜੋ ਗੋਇੰਦਵਾਲ ਸਾਹਿਬ ਤੋਂ ਦੋ ਕੁ ਕਿਲੋਮੀਟਰ 'ਤੇ ਰਹਿੰਦਾ ਸੀ। ਉਸ ਨੇ ਗੁਰੂ ਜੀ ਦੀ ਸਿੱਖੀ ਧਾਰਨ ਕਰ ਲਈ ਸੀ ਹੁਣ ਉੱਥੇ ਉਸ ਦੀ ਕਬਰ ਮੌਜੂਦ ਹੈ।

ਉਹ ਇਹੋ ਜਿਹੇ ਸੁਭਾਅ ਦਾ ਸੀ ਕਿ ਜੋ ਵੀ ਉਸ ਕੋਲ ਜਾਂਦਾ ਸੀ, ਉਸ ਨੂੰ ਡੰਡੇ ਮਾਰ ਕੇ ਭਜਾ ਦਿੰਦਾ ਸੀ। ਜਦੋਂ ਉਹ ਲੰਗੜਾ ਸਿੱਖ ਗੁਰੂ ਜੀ ਦੇ ਹੁਕਮ ਨਾਲ ਸ਼ਾਹ ਹੁਸੈਨ ਕੋਲ ਗਿਆ ਤਾਂ ਉਸ ਨੂੰ ਕੁਝ ਨਾ ਕਿਹਾ, ਉਸ ਨੇ ਪੁੱਛਿਆ, "ਤੂੰ ਕਿੱਥੋਂ ਆਇਆ ਹੈਂ?"

ਲੰਗੜੇ ਸਿੱਖ ਨੇ ਨਮਸਕਾਰ ਕਰ ਕੇ ਗੁਰੂ ਜੀ ਦਾ ਕਿਹਾ ਉਸ ਨੂੰ ਦੱਸਿਆ । ਇਹ ਸੁਣ ਕੇ ਉਸ ਸਿੱਖ (ਲੰਗੜੇ) ਨੂੰ ਬਹੁਤ ਜ਼ੋਰ ਨਾਲ ਕੁਤਕਾ ਮਾਰਿਆ ਤੇ ਉਥੋਂ ਭਜਾ ਦਿੱਤਾ। ਜਦੋਂ ਉਹ ਭੱਜਣ ਲੱਗਾ ਤਾਂ ਉਸ ਦੀ ਫੌੜੀ ਉੱਥੇ ਹੀ ਰਹਿ ਗਈ। ਉਸ ਦੀ ਲੰਗੜੀ ਲੱਤ ਠੀਕ ਹੋ ਗਈ। ਇਹ ਵੇਖ ਕੇ ਉਹ ਲੰਗੜਾ ਸਿੱਖ ਅਸਚਰਜ ਤੇ ਪਿਛਾਂਹ ਮੁੜਿਆ। ਉਸ ਨੇ ਸ਼ਾਹ ਹੁਸੈਨ ਦੇ ਚਰਨ ਫੜ੍ਹ ਲਏ ਤੇ ਕਹਿਣ ਲੱਗਾ,

"ਤੁਸੀਂ ਮੇਰੀ ਲੰਗੜੀ ਲੱਤ ਠੀਕ ਕਰ ਦਿੱਤੀ ਹੈ। ਆਪ ਜੀ ਨੇ ਬਹੁਤ ਕਿਰਪਾ ਕੀਤੀ ਹੈ"।

ਸ਼ਾਹ ਹੁਸੈਨ ਨੇ ਕਿਹਾ, "ਗੁਰੂ ਅਮਰਦਾਸ ਜੀ ਸਾਰਿਆਂ ਦੇ ਮਾਲਕ ਹਨ। ਸਾਰਾ ਕੁਝ ਆਪ ਕਰਦੇ ਹਨ, ਪਰ ਮੈਨੂੰ ਵਡਿਆਈ ਦਿੱਤੀ ਹੈ। ਤੂੰ ਜਾ ਕੇ ਗੁਰੂ ਜੀ ਦੀ ਸ਼ਰਨੀ ਪੈ। ਮੇਰੀ ਤਰਫ਼ੋਂ ਉਨ੍ਹਾਂ ਨੂੰ ਨਮਸਕਾਰ ਕਰ ਦੇਈਂ । ਤੂੰ ਗੁਰੂ ਜੀ 'ਤੇ ਹੀ ਭਰੋਸਾ ਰਖੀਂ। ਉਨ੍ਹਾਂ ਪਾਸ ਮੇਰੇ ਵਰਗੇ ਬਹੁਤ ਸੇਵਕ ਹਨ"। ਸਿੱਖ ਗੁਰੂ ਜੀ ਕੋਲ ਆ ਗਿਆ। ਗੁਰੂ ਜੀ ਉਸ ਨੂੰ ਵੇਖ ਕੇ ਬਹੁਤ ਖ਼ੁਸ਼ ਹੋਏ ਤੇ ਕਿਹਾ, "ਤੇਰੀ ਸੇਵਾ ਸਫਲੀ ਹੋ ਗਈ ਹੈ"।

## ੧੧. ਬੀਬੀ ਭਾਨੀ ਜੀ ਦੀ ਸੇਵਾ

ਬੀਬੀ ਭਾਨੀ ਜੀ ਹਰ ਰੋਜ਼ ਅੰਮ੍ਰਿਤ ਵੇਲੇ ਆਪਣੇ ਬਿਰਧ ਪਿਤਾ ਸ੍ਰੀ ਗੁਰੂ ਅਮਰਦਾਸ ਜੀ ਨੂੰ ਇਸ਼ਨਾਨ ਕਰਾਉਂਦੇ ਸਨ। ਇਕ ਦਿਨ ਰੋਜ਼ ਦੀ ਤਰਾਂ ਬੀਬੀ ਭਾਨੀ ਜੀ ਗੁਰੂ ਜੀ ਨੂੰ ਇਸ਼ਨਾਨ ਕਰਾ ਰਹੇ ਸਨ। ਉਸ ਵੇਲੇ ਚੌਂਕੀ ਦਾ ਪਾਵਾ ਟੁੱਟ ਗਿਆ।ਬੀਬੀ ਭਾਨੀ ਜੀ ਨੇ ਪਾਵੇ ਥੱਲੇ ਦੇਣ ਵਾਸਤੇ ਇਧਰ ਉਧਰ ਨਿਗਾਹ ਮਾਰੀ ਪਰ ਕੋਈ ਚੀਜ਼ ਨਾ ਦਿਸੀ। ਇਸ ਕਰਕੇ ਬੀਬੀ ਭਾਨੀ ਜੀ ਨੇ ਟੁੱਟੇ ਪਾਵੇ ਦੀ ਥਾਂ ਆਪਣਾ ਪੈਰ ਦੇ ਦਿੱਤਾ। ਜੇ ਉਹ ਇਸ ਤਰ੍ਹਾਂ ਨਾ ਕਰਦੇ ਤਾਂ ਚੌਂਕੀਂ ਟੇਢੀ ਹੋ ਜਾਣੀ ਸੀ। ਗੁਰੂ ਜੀ ਨੇ ਡਿੱਗ ਪੈਣਾ ਸੀ ਤੇ ਉਹਨਾਂ ਦੇ ਬਿਰਧ ਸਰੀਰ ਨੂੰ ਸੱਟ ਲੱਗ ਜਾਣੀ ਸੀ। ਚੌਂਕੀ ਦਾ ਕਿੱਲ (nail) ਬੀਬੀ ਭਾਨੀ ਜੀ ਦੇ ਪੈਰ ਵਿਚ ਖੁੱਭ ਗਿਆ ਤੇ ਲਹੂ ਵਗਣ ਲੱਗ ਪਿਆ।

ਜਦ ਗੁਰੂ ਜੀ ਇਸ਼ਨਾਨ ਕਰ ਕੇ ਉੱਠੇ, ਥੱਲੇ ਪਾਣੀ ਵਿਚ ਲਹੂ ਵਗਦਾ ਵੇਖ ਕੇ ਪੁਛਿਆ, "ਪੁੱਤਰੀ! ਇਹ ਲਹੂ ਕਿੱਥੋਂ ਵਗਿਆ?", ਬੀਬੀ ਜੀ ਨੇ ਕਿਹਾ, "ਪਿਤਾ ਜੀ ਚੌਂਕੀ ਦਾ ਪਾਵਾ ਟੁੱਟ ਗਿਆ ਸੀ। ਮੈਨੂੰ ਪਾਵੇ ਦੀ ਥਾਂ ਦੇਣ ਨੂੰ ਲਾਗੇ ਕੋਈ ਚੀਜ਼ ਨਾ ਦਿਸੀ। ਇਸ ਕਰਕੇ ਮੈਂ ਟੁੱਟੇ ਪਾਵੇ ਥੱਲੇ ਆਪਣਾ ਪੈਰ ਦੇ ਦਿੱਤਾ। ਚੌਂਕੀ ਦਾ ਕਿੱਲ ਮੇਰੇ ਪੈਰ ਵਿਚ ਖੁੱਭ ਗਿਆ। ਜੇ ਮੈਂ ਇਸ ਤਰ੍ਹਾਂ ਨਾ ਕਰਦੀ ਤਾਂ ਚੌਂਕੀਂ ਟੇਡੀ ਹੋ ਜਾਂਦੀ। ਜਿਸ ਕਰਕੇ ਆਪ ਜੀ ਦੇ ਬਿਰਧ ਸਰੀਰ ਨੂੰ ਸੱਟ ਲੱਗਣ ਦਾ ਖ਼ਤਰਾ ਸੀ।

ਗੁਰੂ ਜੀ ਨੇ ਕਿਹਾ, "ਪੁੱਤਰੀ! ਤੂੰ ਸਾਡੇ ਇਸ਼ਨਾਨ ਬਦਲੇ ਇਤਨਾ ਦੁੱਖ ਕਿਉਂ ਝੱਲਿਆ?" ਬੀਬੀ ਭਾਨੀ ਜੀ ਨੇ ਕਿਹਾ, "ਮੇਰੀ ਮੱਤ ਅਨਜਾਣ ਹੈ।ਆਪ ਜੀ ਸੇਵਾ ਨਹੀਂ ਕਰ ਸਕਦੀ। ਆਪ ਜੀ ਪਰਮੇਸ਼ਰ ਰੂਪ ਹੋ"।

ਗੁਰੂ ਜੀ ਨੇ ਕਿਹਾ, "ਪੁੱਤਰੀ! ਤੂੰ ਬੜੀ ਕਠਿਨ ਸੇਵਾ ਕੀਤੀ ਹੈ"। ਇਸ ਤਰ੍ਹਾਂ ਪ੍ਰਸੰਨ ਹੋ ਕੇ ਗੁਰੂ ਜੀ ਨੇ ਬੀਬੀ ਭਾਨੀ ਜੀ ਨੂੰ ਵਰ ਦਿੱਤੇ, "ਤੇਰੀ ਸੰਤਾਨ ਬਹੁਤ ਵਧੇਗੀ। ਤੂੰ ਸਾਰੇ ਸੰਸਾਰ ਦੀ ਪੂਜਨੀਕ ਹੋਵੇਂਗੀ। ਅੱਗੇ ਤੇਰੀ ਬੰਸ ਵਿਚ ਮਹਾਂਬਲੀ ਪੈਦਾ ਹੋਣਗੇ। ਉਹਨਾਂ ਦਾ ਬਹੁਤ ਪ੍ਰਤਾਪ ਵਧੇਗਾ। ਸੋਢੀ ਬੰਸ ਦੀ ਬਹੁਤ ਵਡਿਆਈ ਹੋਵੇਗੀ। ਤੂੰ ਇਹ ਵਡਿਆਈ ਭਗਤੀ ਕਰ ਕੇ ਪਾਈ ਹੈ। ਤੇਰੇ ਪਿਤਾ ਗੁਰੂ, ਤੇਰਾ ਪਤੀ ਗੁਰੂ, ਤੇਰੇ ਪੁੱਤਰ ਗੁਰੂ ਤੇ ਪੋਤਰੇ ਗੁਰੂ ਹੋਣਗੇ"। ਗੁਰੂ ਜੀ ਨੇ ਬਹੁਤ ਪ੍ਰਸੰਨ ਹੋ ਕੇ ਇਹ ਵਰ ਦਿੱਤੇ। ਬੀਬੀ ਭਾਨੀ ਜੀ ਪਿਤਾ ਜੀ ਦੇ ਬਚਨ ਸੁਣ ਕੇ ਬਹੁਤ ਖ਼ੁਸ਼ ਹੋਈ।

## ੧੨. ਸ੍ਰੀ ਗੁਰੁ ਰਾਮਦਾਸ ਜੀ

ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਸ੍ਰੀ ਗੁਰੂ ਰਾਮਦਾਸ ਜੀ, ਬਾਬਾ ਮੋਹਨ ਜੀ ਤੇ ਬਾਬਾ ਮੋਹਰੀ ਜੀ ਤੋਂ ਵਿਦਾਇਗੀ ਲੈ ਕੇ ਪਰਿਵਾਰ ਸਮੇਤ ਅੰਮ੍ਰਿਤਸਰ ਆ ਗਏ ਸਨ। ਉੱਥੇ ਸਰੋਵਰ ਦੀ ਕਾਰ ਸੇਵਾ ਕਰਾਉਂਦੇ ਰਹੇ।

### ੧੨.੧ ਗੁਰੂ ਜੀ ਦੀ ਨਿੱਤ ਕਿਰਿਆ

ਗੁਰੂ ਜੀ ਪਹਿਰ ਰਾਤ ਰਹਿੰਦੀ ਉੱਠਦੇ, ਇਸ਼ਨਾਨ ਕਰ ਕੇ ਫਿਰ ਸਮਾਧੀ ਲਾ ਕੇ ਆਪਣੇ ਸਰੂਪ ਵਿਚ ਲੀਨ ਹੁੰਦੇ ਸਨ। ਸਵੇਰ ਹੋਣ ਤਕ ਸਮਾਧੀ ਵਿਚ ਰਹਿੰਦੇ। ਸੂਰਜ ਚੜ੍ਹੇ ਤੋਂ ਬਾਅਦ ਦੀਵਾਨ ਵਿਚ ਆ ਕੇ ਸਿੰਘਾਸਨ ’ਤੇ ਬੈਠਦੇ। ਕੀਰਤਨੀਏ ਸਿੱਖ ਕੀਰਤਨ ਕਰਦੇ। ਸਿੱਖ ਗੁਰੂ ਜੀ ਦੀ ਹਜ਼ੂਰੀ ਵਿਚ ਬੈਠ ਕੇ ਕੀਰਤਨ ਸੁਣਦੇ। ਜਦੋਂ ਭੋਜਨ ਤਿਆਰ ਹੁੰਦਾ, ਲਾਂਗਰੀ ਆਪ ਜੀ ਨੂੰ ਭੋਜਨ ਛਕਣ ਦੀ ਬੇਨਤੀ ਕਰਦਾ।ਗੁਰੂ ਜੀ ਸਾਰੀ ਸੰਗਤ ਨਾਲ ਲੰਗਰ ਵਿਚ ਜਾ ਕੇ ਪੰਗਤ ਵਿਚ ਬੈਠ ਕੇ ਭੋਜਨ ਛਕਦੇ। ਫਿਰ ਆਪਣੇ ਆਸਣ ’ਤੇ ਚਲੇ ਜਾਂਦੇ। ਸ਼ਾਮ ਦੇ ਤੀਜੇ ਪਹਿਰ ਦਾ ਦੀਵਾਨ ਲੱਗਦਾ। ਉੱਥੇ ਕਥਾ ਕੀਰਤਨ ਹੁੰਦਾ।ਗੁਰੂ ਜੀ ਸੰਗਤ ਵਿਚ ਬੈਠ ਕੇ ਕਥਾ ਕੀਰਤਨ ਸੁਣਦੇ। ਪਹਿਰ ਰਾਤ ਤੋਂ ਬਾਅਦ ਲੰਗਰ ਵਿਚੋਂ ਭੋਜਨ ਛਕ ਕੇ ਬਿਰਾਜ ਜਾਂਦੇ।

### ੧੨.੨ ਬਾਬਾ ਸ੍ਰੀ ਚੰਦ ਜੀ ਦਾ ਮਿਲਾਪ

ਬਾਬਾ ਸ੍ਰੀ ਚੰਦ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਸਨ। ਉਹ ਬਹੁਤ ਵੱਡੇ ਸੰਤ ਮਹਾਤਮਾ ਤੇ ਤਿਆਗੀ ਸਨ। ਉਹਨਾਂ ਨੇ ਵਿਆਹ ਨਹੀਂ ਸੀ ਕਰਾਇਆ। ਇਕ ਦਿਨ ਉਹਨਾਂ ਨੇ ਵਿਚਾਰ ਕੀਤੀ ਕਿ ਹੁਣ ਰਾਮਦਾਸ ਜੀ ਗੁਰੂ ਹੋ ਗਏ ਹਨ। ਵੇਖੀਏ ਉਹ ਸਾਡੇ ਨਾਲ ਕਿਹੋ ਜਿਹਾ ਪ੍ਰੇਮ ਰੱਖਦੇ ਹਨ? ਇਹ ਸੋਚ ਕੇ ਉਹ ਆਪਣੇ ਸੇਵਕ ਗੋਦੜੀਏ ’ਤੇ ਸਵਾਰ ਜੋ ਕੇ ਗੁਰੂ ਜੀ ਪਾਸ ਆਏ।

ਜਦੋਂ ਸ੍ਰੀ ਗੁਰੂ ਰਾਮਦਾਸ ਜੀ ਨੇ ਸੁਣਿਆ ਕਿ ਸਾਨੂੰ ਮਿਲਣ ਵਾਸਤੇ ਸ੍ਰੀ ਗੁਰੂ ਨਾਨਕ ਦੇਵ ਜੀ ਵੱਡੇ ਸਪੁੱਤਰ ਆ ਰਹੇ ਹਨ। ਗੁਰੂ ਜੀ ਨੇ ਛੇਤੀ ਆ ਕੇ ਸਤਿਕਾਰ ਵਜੋਂ ਬਾਬਾ ਸ੍ਰੀ ਚੰਦ ਜੀ ਦੇ ਪੈਰਾਂ ’ਤੇ ਮੱਥਾ ਟਕਿਆ ਤੇ ਉਹਨਾਂ ਦੀ ਬਹੁਤ ਇੱਜ਼ਤ ਤੇ ਸੇਵਾ ਕੀਤੀ। ਉਹਨਾਂ ਨੂੰ ਇਕ ਵਧੀਆ ਘੋੜਾ ਤੇ ੫੦੦ ਰੁਪਏ ਭੇਟਾ ਕੀਤੇ। ਉਹਨਾਂ ਦਾ ਅਸਣ ਆਪਣੇ ਆਸਣ ਤੋਂ ਉੱਚਾ ਲਵਾਇਆ।

ਬਾਬਾ ਸ੍ਰੀ ਚੰਦ ਜੀ ਨੇ ਪਰਖਣ ਵਾਸਤੇ ਕਿਹਾ, "ਤੁਸੀਂ ਆਪਣਾ ਦਾੜ੍ਹਾ ਇਤਨਾ ਕਿਉਂ ਵਧਾਇਆ ਹੈ?" ਗੁਰੂ ਜੀ ਬੜੀ ਨਿਮਰਤਾ ਨਾਲ ਬਾਬਾ ਸ੍ਰੀ ਚੰਦ ਜੀ ਦੇ ਚਰਨਾਂ ਨੂੰ ਆਪਣੇ ਦਾੜ੍ਹੇ ਨਾਲ ਸਾਫ਼ ਕਰਨ ਲੱਗ ਪਏ ਤੇ ਕਿਹਾ, "ਤੁਸੀਂ ਵੱਡੇ ਸਤਿਗੁਰਾਂ ਦੇ ਸਪੁੱਤਰ ਹੋ। ਤੁਹਾਡੇ ਵਰਗੇ ਮਹਾਂਪੁਰਖਾਂ ਦੇ ਚਰਨਾਂ ਨੂੰ ਝਾੜਨ ਵਾਸਤੇ ਹੀ ਵਧਾਇਆ ਹੈ"।

ਬਾਬਾ ਸ੍ਰੀ ਚੰਦ ਜੀ ਗੁਰੂ ਜੀ ਦੀ ਐਸੀ ਨਿਮਰਤਾ ਵੇਖ ਕੇ ਬਹੁਤ ਪ੍ਰਸੰਨ ਹੋਏ ਤੇ ਕਹਿਣ ਲੱਗੇ, "ਇਸ ਮਿੱਠਤ ਨਾਲ ਹੀ ਸਾਡੇ ਪਿਤਾ ਦੀ ਗੱਦੀ ਪਹਿਲਾਂ ਸ੍ਰੀ ਲਹਿਣਾ ਜੀ ਨੂੰ ਮਿਲੀ, ਫਿਰ ਸ੍ਰੀ ਅਮਰਦਾਸ ਜੀ ਨੂੰ ਮਿਲੀ ਤੇ ਹੁਣ ਆਪ ਜੀ ਨੂੰ ਮਿਲੀ ਹੈ। ਤੁਹਾਡੀ ਮਹਿਮਾ ਬਹੁਤ ਵੱਡੀ ਹੈ। ਇਹ ਗੱਦੀ ਆਪ ਵਰਗਿਆਂ ਨੂੰ ਹੀ ਸੋਭਦੀ ਹੈ" । ਤੇ ਕਿਹਾ, "ਤੁਹਾਡੇ ਇਸ ਸਰੋਵਰ ਵਿਚ ਇਸ਼ਨਾਨ ਕਰਨ ਨਾਲ ਪਾਪੀ ਵੀ ਮੁਕਤੀ ਨੂੰ ਪ੍ਰਾਪਤ ਹੋਣਗੇ"।

## ੧੩. ਮਾਤਾ ਖੀਵੀ ਜੀ

ਸਿੱਖ ਇਤਿਹਾਸ ਅਤੇ ਗੁਰੂ ਮਹਿਲਾਂ (ਸੁਪਤਨੀਆਂ) ਚੋਂ ਬੇਬੇ ਨਾਨਕੀ ਜੀ, ਬੀਬੀ ਭਾਨੀ ਜੀ, ਮਾਤਾ ਗੰਗਾ ਜੀ, ਮਾਤਾ ਨਾਨਕੀ ਜੀ, ਮਾਤਾ ਗੁਜਰੀ ਜੀ, ਮਾਤਾ ਸੁੰਦਰ ਕੌਰ ਜੀ, ਮਾਤਾ ਸਾਹਿਬ ਕੌਰ ਜੀ, ਮਾਤਾ ਭਾਗ ਕੌਰ ਜੀ, ਬੀਬੀ ਸ਼ਰਨ ਕੌਰ ਜੀ ਅਤੇ ਹੋਰ ਅਨੇਕਾਂ ਬੀਬੀਆਂ ਨੇ ਆਪਣੇ ਆਪਣੇ ਸਮੇਂ ਗੁਰੂ ਪਰੰਪਰਾ ਤੇ ਸਿੱਖ ਧਰਮ ਨੂੰ ਕਾਇਮ ਰੱਖਣ ਵਾਸਤੇ ਬੇਮਿਸਾਲ ਯੋਗਦਾਨ ਪਾਇਆ ਤੇ ਔਰਤ ਨੂੰ ਗੌਰਵਮਈ (ਗਲੋਰਇਸ) ਸਥਾਨ ਦਿਵਾਇਆ।

ਮਾਤਾ ਖੀਵੀ ਜੀ ਦਾ ਜਨਮ ਸੰਮਤ ੧੫੬੩ (Thursday, January 1506) ਦੇ ਲਗਭਗ ਪਿੰਡ ਸੰਘਰ ਕੋਟ ਵਿਚ ਭਾਈ ਦੇਵੀ ਚੰਦ ਖੱਤਰੀ ਦੇ ਗ੍ਰਹਿ ਵਿਖੇ ਹੋਇਆ। ਭਾਈ ਦੇਵੀ ਚੰਦ ਜੀ ਵਪਾਰ ਅਤੇ ਦੁਕਾਨ ਦਾ ਕੰਮ ਬੜੀ ਲਗਨ ਨਾਲ ਕਰਦੇ ਤੇ ਦੇਵੀ ਦੇ ਭਗਤ ਵੀ ਸਨ। ਹਰ ਸਾਲ ਸੰਗ ਲੈ ਕੇ ਦੁਰਗਾ ਦੇਵੀ ਦੇ ਦਰਸ਼ਨ ਕਰਕੇ ਧੰਨ ਭਾਗ ਸਮਝਦੇ। ਆਏ ਭਗਤਾਂ ਨੂੰ ਮਾਇਆ ਬਿਸਤਰੇ ਆਦਿ ਦੇ ਕੇ ਖੁਸ਼ ਕਰਦੇ। ਬੀਬੀ ਖੀਵੀ ਜੀ ਵਰ ਦੇ ਯੋਗ ਹੋਏ ਤਾਂ ਉਨ੍ਹਾਂ ਦਾ ਰਿਸ਼ਤਾ ਮੱਤੇ ਦੀ ਸਰਾਂ (ਮੁਕਤਸਰ) ਵਿਚ ਬਾਬਾ ਫੇਰੂ ਮੱਲ ਜੀ ਦੇ ਸਪੁੱਤਰ ਭਾਈ ਲਹਿਣਾ ਜੀ ਨਾਲ ਪੱਕਾ ਕੀਤਾ ਗਿਆ। ਬਾਬਾ ਫੇਰੂ ਮੱਲ ਜੀ ਵੀ ਵਪਾਰ ਦਾ ਕੰਮ ਹੀ ਕਰਦੇ ਸਨ।

ਬਾਬਰ ਨੇ ਜਦੋਂ ਪੰਜਾਬ ਤੇ ਹਮਲਾ ਕੀਤਾ ਤਾਂ ਇਸ ਪਿੰਡ ਸਰਾਂ ਨੂੰ ਉਜਾੜ ਦਿੱਤਾ। ਲੋਕਾਂ ਨੂੰ ਇਸ ਨਗਰੀ ਵਿਚੋਂ ਉਠਣਾ ਪਿਆ। ਬਾਬਾ ਫੇਰੂ ਮੱਲ ਜੀ ਵੀ ਹਰੀ ਕੇ ਪੱਤਣ ਆਣ ਕੇ ਵਪਾਰ ਦਾ ਕੰਮ ਕਰਦੇ ਰਹੇ ਤੇ ਫਿਰ ਖਡੂਰ ਸਾਹਿਬ ਵਿਚ ਆ ਕੇ ਕਾਰੋਬਾਰ ਆਰੰਭ ਕੀਤਾ। ਭਾਈ ਦੇਵੀ ਚੰਦ ਜੀ ਨੇ ਬੀਬੀ ਖੀਵੀ ਜੀ ਦੇ ਵਿਆਹ ਦਾ ਦਿਨ ਪੱਕਾ ਕਰਕੇ ਰਿਸ਼ਤੇਦਾਰਾਂ ਨੂੰ ਤੇ ਬਾਬਾ ਫੇਰੂ ਮੱਲ ਜੀ ਨੂੰ ਸੁਨੇਹੇ ਭੇਜ ਦਿੱਤੇ। ਵਿਆਹ ਦੀ ਤਰੀਕ ੧੬ ਮਾਘ ਸੰਮਤ ੧੫੭੬ (Saturday, December 1519) ਨਿਸਚਿਤ (fixed) ਕੀਤੀ ਤੇ ਇਸ ਮਿਤੀ ਤੇ ਵਿਆਹ ਸੰਪੰਨ ਹੋਇਆ।

ਬਾਬਾ ਲਹਿਣਾ ਜੀ ਖਡੂਰ ਸਾਹਿਬ ਵਿਚ ਦੁਕਾਨ ਕਰਦੇ ਸੀ। ਇਕ ਦਿਨ, ਅੰਮ੍ਰਿਤ ਵੇਲੇ ਕਿਸੇ ਪਾਸੇ ਤੋਂ ਅੰਮ੍ਰਿਤ-ਬਾਣੀ ਦੀ ਆਵਾਜ਼ ਕੰਨਾਂ ਵਿਚ ਪਈ। ਇਹ ਭਾਈ ਜੋਧ ਜੀ ਜੋ ਬਾਣੀ ਪੜ੍ਹ ਰਿਹਾ ਸੀ। ਜਿਵੇਂ ਮਿਕਨਾਤੀਸੀ (ਚੁੰਬਕ) (magnetism) ਵੱਲ ਲੋਹਾ ਖਿੱਚਿਆ ਜਾਂਦਾ ਹੈ ਇਸੇ ਤਰ੍ਹਾਂ ਭਾਈ ਲਹਿਣਾ ਜੀ ਬਾਣੀ ਵੱਲ ਖਿੱਚੇ ਗਏ ਤੇ ਬਾਣੀ ਸੁਣ ਕੇ ਪ੍ਰੇਮ ਦੀ ਰੰਗਣ ਵਿਚ ਰੰਗੇ ਗਏ। ਭਾਈ ਜੋਧ ਜੀ ਕੋਲ ਪਹੁੰਚ ਕੇ

ਬੇਨਤੀ ਕੀਤੀ ਤੇ ਬਾਣੀ ਦੀ ਬਾਬਤ ਪੁੱਛਿਆ, "ਆਪ ਜੀ ਕੀ ਪੜ੍ਹ ਰਹੇ ਸੀ? ਉਹ ਕਿਹੜਾ ਕਲਾਮ ਸੀ ਜੋ ਮੇਰੇ ਸੀਨੇ ਵਿਚ ਐਸਾ ਘਰ ਕਰ ਗਿਆ ਹੈ? ਪਿਆਰੇ! ਮੈਨੂੰ ਵੀ ਉਹ ਸ਼ਬਦ ਦਾ ਗਿਆਨ ਬਖਸ਼ੋ!" ਭਾਈ ਜੋਧ ਜੀ ਨੇ ਬੜੇ ਪਿਆਰ ਤੇ ਸਤਕਾਰ ਨਾਲ ਕਿਹਾ, "ਪਿਆਰੇ ਭਗਤ ਜੀ! ਇਹ ਸ਼ਬਦ ਦਾ ਪ੍ਰਸ਼ਾਦਿ ਆਪ ਜੀ ਨੂੰ ਕਰਤਾਰਪੁਰ ਤੋਂ ਪ੍ਰਾਪਤ ਹੋਵੇਗਾ। ਖੰਡਾਂ-ਬ੍ਰਹਮੰਡਾਂ ਦੇ ਮਾਲਕ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਦਰਸ਼ਨ ਕਰੋ। ਮੈਂ ਤਾਂ ਗੁਰੂ ਜੀ ਦਾ ਨਿਮਾਣਾ ਸਿੱਖ ਹਾਂ।"

ਬਾਬਾ ਦੇਵੀ ਚੰਦ ਜੀ ਦੇ ਅਕਾਲ ਚਲਾਣੇ (death) ਤੋਂ ਬਾਅਦ ਭਾਈ ਲਹਿਣਾ ਜੀ ਨੂੰ ਸੰਗ ਦਾ ਮੁੱਖੀ ਥਾਪਿਆ ਗਿਆ।ਭਾਈ ਲਹਿਣਾ ਜੀ ਪਹਿਲੀ ਵਾਰ ਸੰਗ ਨੂੰ ਨਾਲ ਲੈ ਕੇ ਦੇਵੀ ਦੇ ਦਰਸ਼ਨਾਂ ਨੂੰ ਜਾਂਦੇ ਕਰਤਾਰਪੁਰ ਉਤਾਰਾ ਕੀਤਾ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਦਰਸ਼ਨ ਕੀਤੇ। ਸ਼ਬਦ ਰੂਪੀ ਪ੍ਰਸਾਦਿ ਦੇ ਗੱਫੇ ਲੈ ਕੇ ਰਾਤ ਨੂੰ ਆਪਣੇ ਆਸਣ ਤੇ ਬਿਰਾਜਮਾਨ ਹੋਏ ਤੇ ਇਕ ਨਿਰਾਲਾ ਕੌਤਕ ਵੇਖਣ ਵਿਚ ਆਇਆ। ਜਿਸ ਦੇਵੀ ਦੇ ਦਰਸ਼ਨ ਕਰਨ ਚੱਲੇ ਸੀ ਉਹ ਦੇਵੀ ਕਰਤਾਰਪੁਰ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਵਿਚ ਝਾੜੂ ਦੇਂਦੀ ਵੇਖੀ ਤਾਂ ਮਨ ਨੂੰ ਐਸਾ ਵਿਰਾਗ ਪੈਦਾ ਹੋ ਗਿਆ ਕਿ ਜਿਹੜੀ ਦੇਵੀ ਗੁਰੂ ਨਾਨਕ ਦੇਵ ਜੀ ਦੇ ਦਰ ਤੋਂ ਦਾਤਾਂ ਖੜ ਕੇ ਵੰਡਦੀ ਹੈ ਅਸੀਂ ਵੀ ਕਿਉਂ ਨਾ ਗੁਰੂ ਨਾਨਕ ਪਾਤਸ਼ਾਹ ਜੀ ਦੇ ਘਰ ਨਾਲ ਜੁੜ ਜਾਈਏ? ਮਨ ਬਦਲ ਗਿਆ। ਵਾਪਸ ਖਡੂਰ ਸਾਹਿਬ ਵਿਚ ਆ ਗਏ ਤੇ ਹਰ ਵੇਲੇ ਕੰਮ-ਕਾਰ ਕਰਦਿਆਂ ਧਿਆਨ ਗੁਰੂ ਚਰਨਾਂ ਵੱਲ ਰਹਿੰਦਾ। ਕਈ ਵਾਰੀ ਬੀਬੀ ਖੀਵੀ ਜੀ ਆਪਣੇ ਪਤੀ ਨਾਲ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਦਰਸ਼ਨ ਕਰਕੇ ਮਾਤਾ ਸੁਲੱਖਣੀ ਜੀ ਨਾਲ ਲੰਗਰ ਦੀ ਸੇਵਾ ਕਰਦੇ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ। ਫਿਰ ਵਾਪਸ ਖਡੂਰ ਸਾਹਿਬ ਵਿਚ ਆ ਕੇ ਘਰ ਦਾ ਕਾਰੋਬਾਰ ਕਰਦੇ।

ਮਾਤਾ ਖੀਵੀ ਜੀ ਦੀ ਪਾਵਨ ਕੁੱਖ ਤੋਂ ਦੋ ਪੁੱਤਰ ਭਾਈ ਦਾਸੂ ਤੇ ਭਾਈ ਦਾਤੂ ਜੀ ਹੋਏ ਅਤੇ ਦੋ ਹੀ ਸਪੁੱਤਰੀਆਂ ਬੀਬੀ ਅਮਰੋ ਜੀ ਅਤੇ ਬੀਬੀ ਅਨੋਖੀ ਜੀ ਪੈਦਾ ਹੋਈਆਂ। ਭਾਈ ਲਹਿਣਾ ਜੀ ਖਡੂਰ ਸਾਹਿਬ ਤੋਂ ਜਾਣ ਲੱਗੇ ਗੁਰ-ਦਰਸ਼ਨਾਂ ਨੂੰ ਲੂਣ ਦੀ ਪੰਡ ਬੰਨ੍ਹ ਕੇ ਲੰਗਰ ਵਿਚ ਪ੍ਰੇਮ ਭੇਟਾ ਧਰ ਕੇ ਧੰਨ ਭਾਗ ਸਮਝਦੇ। ਜਦੋਂ ਕਰਤਾਰਪੁਰ ਪਹੁੰਚ ਕੇ ਰਸਦ ਲੰਗਰ ਵਿਚ ਪਾ ਦਿੱਤੀ ਤੇ ਸਤਿਗੁਰਾਂ ਬਾਬਤ ਪੁੱਛਿਆ ਤਾਂ ਮਾਤਾ ਜੀ ਕਹਿਣ ਲੱਗੇ, "ਸਤਿਗੁਰੂ ਜੀ ਖੇਤਾਂ ਵਿਚੋਂ ਨਦੀਨ ਕਢਵਾ ਰਹੇ ਹਨ। ਆਪ ਥੱਕੇ ਹੋਏ ਹੋ, ਆਰਾਮ ਕਰੋ, ਸ਼ਾਮ ਨੂੰ ਆ ਜਾਣਗੇ।" ਸੋ ਪਿਆਰੇ ਦੇ ਦਰਸ਼ਨਾਂ ਦੀ ਤਾਂਘ ਵਾਲੇ ਕਦੋਂ ਆਰਾਮ ਕਰਦੇ ਨੇ?

ਐਸੀ ਦਸ਼ਾ ਭਾਈ ਲਹਿਣਾ ਜੀ ਦੀ ਹੋਈ। ਉਸੇ ਵੇਲੇ ਖੇਤਾਂ ਵਿਚ ਪਹੁੰਚ ਕੇ ਸਤਿਗੁਰਾਂ ਦੇ ਪਵਿੱਤਰ ਦੀਦਾਰ ਕੀਤੇ। ਸਤਿਗੁਰਾਂ ਜੀ ਨੇ ਸੁਖ-ਸਾਂਦ ਪੁੱਛਣ ਤੋਂ ਪਿੱਛੋਂ ਬਚਨ ਕੀਤਾ, "ਭਾਈ ਲਹਿਣਾ ਜੀ! ਗਊਆਂ ਵਾਸਤੇ ਘਾਹ ਘਰ ਪਹੁੰਚਾਉਣਾ ਹੈ, ਕੋਈ ਉਪਾਅ ਕਰੀਏ।" ਇਹ ਬਚਨ ਸੁਣ ਕੇ ਭਾਈ ਲਹਿਣਾ ਜੀ ਨੇ ਘਾਹ ਦੀ ਪੰਡ ਸਿਰ ਤੇ ਚੁੱਕ ਲਈ ਤੇ ਘਰ ਜਾ ਕੇ ਗਊਆਂ ਨੂੰ ਪਾ ਦਿੱਤੀ। ਬਸਤਰ ਚਿੱਕੜ ਨਾਲ ਭਿੱਜ ਗਏ। ਵੇਖ ਕੇ ਮਾਤਾ ਸੁਲੱਖਣੀ ਜੀ ਕਹਿਣ ਲੱਗੇ, "ਮਹਾਰਾਜ! ਭਾਈ ਲਹਿਣਾ ਜੀ ਤਾਂ ਆਪ ਨੂੰ ਮਿਲਣ ਵਾਸਤੇ ਆਏ ਸਨ। ਇਨ੍ਹਾਂ ਪਹਿਲੇ ਪਿੰਡ ਤੋਂ ਭਾਰੀ ਪੰਡ ਲੰਗਰ ਵਾਸਤੇ ਚੁੱਕ ਕੇ ਲਿਆਂਦੀ ਸੀ। ਫਿਰ ਆਪ ਜੀ ਨੇ ਭਾਰੀ ਪੰਡ ਚੁਕਾ ਕੇ ਭੇਜ ਦਿੱਤਾ ਹੈ। ਵਿਚਾਰੇ ਦੇ ਕੱਪੜੇ ਵੀ ਚਿੱਕੜ ਨਾਲ ਭਿੱਜ ਗਏ ਨੇ।" ਸ੍ਰੀ ਗੁਰੂ ਨਾਨਕ ਦੇਵ ਜੀ ਹੱਸ ਕੇ ਕਹਿਣ ਲੱਗੇ, "ਸੁਲੱਖਣੀ ਜੀ! ਇਹ ਛਿੱਟੇ ਕੇਸਰ ਦੇ ਨੇ ਜੋ ਅਕਾਲ ਪੁਰਖ ਦੀ ਦਰਗਾਹ ਤੋਂ ਪਰਵਾਨ ਹੋ ਕੇ ਆਏ ਨੇ। ਜਿਵੇਂ ਇਹ ਭਾਰੀ ਪੰਡ ਚੁੱਕ ਕੇ ਲਿਆਏ ਨੇ, ਏਸੇ ਤਰ੍ਹਾਂ ਦੀਨ ਦੁਨੀਆਂ ਦੀ ਭਾਰੀ ਪੰਡ ਸੰਭਾਲਣ ਦੇ ਯੋਗ ਹੋਣਗੇ।" ਏਸ ਗੱਲ ਵਿਚ ਗੁੱਝਾ ਭੇਦ ਸੀ। ਭਾਈ ਲਹਿਣਾ ਜੀ ਕਰਤਾਰਪੁਰ ਵਿਚ ਸਤਿਗੁਰੂ ਗੁਰੂ ਨਾਨਕ ਦੇਵ ਜੀ ਨੂੰ ਆਪਣਾ ਆਪ ਸਮਰਪਤ ਕਰਕੇ ਪੂਰੀ ਲਗਨ ਨਾਲ ਸੇਵਾ ਵਿਚ ਜੁੜ ਗਏ।

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਬੇਅੰਤ ਕਰੜੇ ਪਰਚੇ ਪਾਏ, ਜਿਵੇਂ ਕਟੋਰਾ ਚਿੱਕੜ ਚੋਂ ਕੱਢਣਾ, ਬਸਤਰ ਸੁਕਾਉਣੇ ਆਦਿ। ਭਾਈ ਲਹਿਣਾ ਜੀ ਨੇ ਸਤਿਗੁਰਾਂ ਦੀ ਰਜ਼ਾ ਵਿਚ ਰਹਿ ਕੇ ਸਾਰੇ ਪਰਚੇ ਹੱਲ ਕੀਤੇ। ਸ਼ਾਦੀ ਤੋਂ ਬਾਅਦ ਤੇਰ੍ਹਾਂ ਸਾਲ ਪਿੱਛੋਂ ਆਪ ਜੀ ਨੂੰ ਗੁਰਤਾ ਗੱਦੀ ਦੀ ਬਖਸ਼ਿਸ਼ ਹਾਸਲ ਹੋਈ ਤੇ ਆਪ ਜੀ ਕਰਤਾਰਪੁਰ ਤੋਂ ਖਡੂਰ ਸਾਹਿਬ ਆ ਗਏ।

ਸੰਮਤ ੧੫੯੬, ੨੩ ਅੱਸੂ (6th October 1539) ਨੂੰ ਗੁਰਤਾ ਗੱਦੀ ਦਾ ਕਾਰਜ ਆਰੰਭ ਹੋਇਆ। ਜਿਥੇ ਭਾਈ ਲਹਿਣਾ ਜੀ ਨੂੰ ਅੰਗਦ ਬਣਾ ਕੇ ਵਡਿਆਈਆਂ ਦੇ ਪਾਤਰ ਬਣਾਇਆ ਉਥੇ ਬੀਬੀ ਖੀਵੀ ਜੀ ਨੂੰ ਮਾਤਾ ਜੀ ਦਾ ਖਿਤਾਬ ਪ੍ਰਾਪਤ ਹੋਇਆ। ਜਿਥੇ ਦੂਸਰੇ ਪਾਤਸ਼ਾਹ ਸੰਗਤਾਂ ਨੂੰ ਸ਼ਬਦ ਦਾ ਪ੍ਰਸ਼ਾਦਿ ਵੰਡਦੇ ਸਨ, ਉਥੇ ਮਾਤਾ ਖੀਵੀ ਜੀ ਲੰਗਰ ਦਾ ਪ੍ਰਬੰਧ ਬੜੀ ਲਗਨ ਨਾਲ ਸੰਭਾਲਿਆ ਕਰਦੇ ਸਨ ਜਿਨ੍ਹਾਂ ਦੀ ਬਾਬਤ ਸਤੈ ਅਤੇ ਬਲਵੰਡ ਦੁਆਰਾ ਰਚਿਤ ਰਾਮਕਲੀ ਕੀ ਵਾਰ ਵਿਚ ਜ਼ਿਕਰ ਹੈ।

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ ੯੬੭)

ਇਸ ਵਾਰ ਤੋਂ ਇਹ ਸਿੱਧ ਹੈ ਕਿ ਮਾਤਾ ਖੀਵੀ ਜੀ ਲੰਗਰ ਵਿਚ ਖੀਰ ਬਣਾ ਕੇ ਦੇਸੀ ਘਿਉ ਪਾ ਕੇ ਸੰਗਤਾਂ ਨੂੰ ਵਰਤਾਇਆ ਕਰਦੇ ਸਨ।

ਸ਼ੇਰ ਸ਼ਾਹ ਸੂਰੀ ਕੋਲੋਂ ਹਾਰ ਖਾ ਕੇ ਹਮਾਯੂੰ ਖਡੂਰ ਸਾਹਿਬ ਨਗਰ ਵਿਚ ਜਾ ਰਿਹਾ ਸੀ। ਸਤਿਗੁਰਾਂ ਦੇ ਦਰਸ਼ਨ ਕੀਤੇ। ਜਦ ਸਤਿਗੁਰੂ, ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਕਿਸੇ ਰੰਗਣ ਵਿਚ ਰੰਗੇ ਹੋਇਆਂ ਨੇ ਹਮਾਯੂੰ ਵੱਲ ਉਚੇਚਾ ਧਿਆਨ ਨਾ ਦਿੱਤਾ ਤਾਂ ਉਹ ਕ੍ਰੋਧ ਵਿਚ ਆ ਕੇ ਤਲਵਾਰ ਕੱਢ ਕੇ ਸਤਿਗੁਰਾਂ ਤੇ ਹੀ ਵਾਰ ਕਰਨ ਲੱਗਾ ਤਾਂ ਨਿਰਭੈਤਾ ਦੀ ਮੂਰਤ ਸਤਿਗੁਰ ਜੀ ਹੱਸ ਕੇ ਕਹਿਣ ਲੱਗੇ, "ਵਾਹ! ਜਿਹੜੀ ਤਲਵਾਰ ਸ਼ੇਰ ਸ਼ਾਹ ਸੂਰੀ ਤੋਂ ਹਾਰ ਖਾ ਕੇ ਆਈ ਹੈ ਉਹ ਅੱਜ ਫਕੀਰਾਂ ਤੇ ਵਾਰ ਕਰਕੇ ਮਨ ਨੂੰ ਸ਼ਾਂਤ ਕਰੇਗੀ?" ਕਿੱਡਾ ਨਿੱਗਰ ਬਚਨ ਸੀ ਮਹਾਰਾਜ ਜੀ ਦਾ! ਹਮਾਯੂੰ ਸੁਣ ਕੇ ਚਰਨੀਂ ਢਹਿ ਪਿਆ ਤੇ ਮੁਆਫੀ ਮੰਗੀ। ਫਿਰ ਅਸ਼ੀਰਵਾਦ ਦਾ ਪਾਤਰ ਬਣਿਆ। ਆਪ ਜੀ ੧੨ ਸਾਲ ੬ ਮਹੀਨੇ ੧੪ ਦਿਨ ਗੁਰਤਾ ਗੱਦੀ ਸੰਭਾਲ ਕੇ ਤਿੰਨ ਵੈਸਾਖ ਚੇਤਰ ਸੁਦੀ ੪ ਸੰਮਤ ੧੬੦੯ (27th March 1552) ਨੂੰ ਖਡੂਰ ਸਾਹਿਬ ਵਿਖੇ ਜੋਤੀ ਜੋਤਿ ਸਮਾਏ। ਆਪ ਜੀ ਦੀ ਸਾਰੀ ਅਵਸਥਾ ੪੭ ਸਾਲ ੧੧ ਮਹੀਨੇ ੩ ਦਿਨ ਸੀ।

ਜਿਹੜੀ ਦਾਤ ਆਪ ਜੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਖਸ਼ਿਸ਼ ਕੀਤੀ ਸੀ ਉਹੀ ਦਾਤ ਆਪ ਜੀ ਨੇ ਗੁਰੂ ਅਮਰਦਾਸ ਜੀ ਨੂੰ ਬਖਸ਼ ਕੇ ਗੋਇੰਦਵਾਲ ਵਸਾਉਣ ਦਾ ਹੁਕਮ ਕੀਤਾ।

ਗੁਰਤਾ ਗੱਦੀ ਨਾ ਮਿਲਣ ਤੇ ਜਦੋਂ ਭਾਈ ਦਾਤੂ ਤੇ ਭਾਈ ਦਾਸੂ ਜੀ ਨੇ ਘਰ ਵਿਚ ਬਹੁਤ ਫਸਾਦ ਪਾਇਆ ਤਾਂ ਮਾਤਾ ਖੀਵੀ ਜੀ ਨੇ ਬੜੇ ਪਿਆਰ ਨਾਲ ਆਪਣੇ ਪੁੱਤਰਾਂ ਨੂੰ ਸਮਝਾਉਣ ਦਾ ਜਤਨ ਕੀਤਾ ਕਿ ਪੁੱਤਰ! ਇਹ ਪੰਡ ਬਹੁਤ ਭਾਰੀ ਹੈ ਜਿਸ ਨੂੰ ਆਪ ਸੰਭਾਲਣ ਦੇ ਯੋਗ ਨਹੀਂ। ਸੋ ਇਹ ਕੋਈ ਜੱਦੀ ਜਾਇਦਾਦ ਤਾਂ ਹੈ ਨਹੀਂ ਜਿਸ ਦੇ ਵਾਸਤੇ ਆਪ ਬਹਿਸ ਕਰਦੇ ਹੋ। ਤੁਸੀਂ ਗੁਰੂ ਪੁੱਤਰ ਹੋਣ ਦੇ ਨਾਤੇ ਕਦੇ ਸੇਵਾ ਨਹੀਂ ਸੀ ਕੀਤੀ ਸਗੋਂ ਹੁਕਮ ਕਰਦੇ ਰਹੇ ਹੋ। ਜੇ ਗੁਰਤਾ ਗੱਦੀ ਵਿਰਸੇ ਵਿਚ ਹੁੰਦੀ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਜਾਂ ਬਾਬਾ ਲਖਮੀ ਦਾਸ ਜੀ ਨੂੰ ਵੀ ਪ੍ਰਾਪਤ ਹੁੰਦੀ। ਆਪ ਜੀ ਗੁਰੂ ਅਮਰਦਾਸ ਜੀ ਮਹਾਰਾਜ ਦੀ ਸੇਵਾ ਕਰੋ, ਕਿਸੇ ਕਿਸਮ ਦੀ ਤੋਟ ਨਹੀਂ ਆਵੇਗੀ। ਭਾਈ ਦਾਸੂ ਨੇ ਤਾਂ ਇਹ ਪਿਆਰ ਤੇ ਸਿਆਣਪ ਭਰਿਆ ਸੁਝਾਵ ਮੰਨ ਲਿਆ ਪਰ ਭਾਈ ਦਾਤੂ ਨੇ ਹੁਕਮ ਨਾ

ਮੰਨਿਆ ਤੇ ਗੋਇੰਦਵਾਲ ਵਿਚ ਜਾ ਕੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਬੋਲ ਕਬੋਲ ਕੀਤੇ ਤੇ ਲੱਕ ਵਿਚ ਲੱਤ ਤਕ ਵੀ ਮਾਰੀ। ਪਰ ਅੰਮ੍ਰਿਤ ਦੇ ਸੋਮੇ ਸ੍ਰੀ ਗੁਰੂ ਅਮਰਦਾਸ ਜੀ ਸੁਮੇਰ ਪਰਬਤ ਵਾਂਗ ਅਡੋਲ ਰਹੇ। ਆਪ ਜੀ ਭਾਈ ਦਾਤੂ ਦੇ ਚਰਨ ਫੜ ਕੇ ਘੁੱਟਣ ਲੱਗੇ। ਬਚਨ ਕੀਤੇ, "ਆਪ ਗੁਰੂ-ਬੰਸ ਹੋ, ਆਪ ਦੇ ਕੋਮਲ ਚਰਨਾਂ ਨੂੰ ਸੱਟ ਲੱਗ ਗਈ ਹੋਵੇਗੀ।" ਇਹ ਕਹਿ ਕੇ ਮੁੜ ਭਾਈ ਦਾਤੂ ਦੇ ਚਰਨ ਘੁੱਟਣ ਲੱਗ ਪਏ ਤੇ ਸਿੰਘਾਸਨ (throne) ਉੱਪਰ ਬੈਠਣ ਲਈ ਬੇਨਤੀ ਕੀਤੀ। ਆਪ ਸਤਿਗੁਰੂ ਜੀ ਥੋੜ੍ਹਾ ਪਰ੍ਹਾਂ ਬੈਠ ਗਏ। ਭਾਈ ਦਾਤੂ ਆਪਣੇ ਆਪ ਨੂੰ ਗੁਰੂ ਸਮਝਦਿਆਂ ਸੰਗਤਾਂ ਨੂੰ ਉਪਦੇਸ਼ ਕਰਨ ਲੱਗਾ ਹੀ ਸੀ ਕਿ ਸੰਗਤਾਂ ਉੱਠ ਕੇ ਗੁਰੂ ਅਮਰਦਾਸ ਜੀ ਦੇ ਦੁਆਲੇ ਜਾ ਬੈਠੀਆਂ। ਭਾਈ ਦਾਤੂ ਸ਼ਰਮ ਦਾ ਮਾਰਿਆ ਉੱਠ ਕੇ ਖਡੂਰ ਨੂੰ ਪਰਤ ਗਿਆ।

ਮਾਤਾ ਖੀਵੀ ਜੀ ਨੂੰ ਪਤਾ ਲੱਗਾ ਤਾਂ ਆਪ ਜੀ ਨੇ ਮਹਿਸੂਸ ਕੀਤਾ ਕਿ ਮੇਰੇ ਪੁੱਤਰਾਂ ਨੇ ਚੰਗਾ ਨਹੀਂ ਕੀਤਾ। ਇਹ ਮਹਿਸੂਸ ਕਰਕੇ ਗੋਇੰਦਵਾਲ ਪੁੱਜ ਕੇ ਆਪਣੇ ਪੁੱਤਰਾਂ ਦੀ ਗ਼ਲਤੀ ਦੀ ਮੁਆਫੀ ਮੰਗੀ। ਮਾਤਾ ਜੀ ਖਡੂਰ ਸਾਹਿਬ ਤੋਂ ਗੋਇੰਦਵਾਲ ਸਾਹਿਬ ਦਰਸ਼ਨ ਕਰਨ ਜਾਂਦੇ ਤੇ ਗੁਰੂ-ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ।

ਮਾਤਾ ਖੀਵੀ ਜੀ ਦੇ ਦਿਹਾਂਤ ਤੇ ਗੁਰੂ ਅਰਜਨ ਦੇਵ ਜੀ ਵੀ ਆਏ। ਮਾਤਾ ਖੀਵੀ ਜੀ ਵੈਸਾਖ ਚਉਥ, ਸੰਮਤ ੧੬੩੯ (Wednesday, April 1582) ਵਿਚ ਸੱਚਖੰਡ ਚਲਾਣਾ ਕਰ ਗਏ।ਆਪ ਜੀ ਦੀ ਸਾਰੀ ਅਵਸਥਾ ੭੬ ਸਾਲ ੩ ਮਹੀਨੇ ਸੀ। ਉਨ੍ਹਾਂ ਦੀ ਪਿਆਰੀ ਯਾਦ ਵਿਚ ਪਿੰਡ ਸੰਘਰ ਕੋਟ ਜਿਲ੍ਹਾ ਅੰਮ੍ਰਿਤਸਰ ਵਿਖੇ ਬੜੇ ਸੁੰਦਰ ਗੁਰਦੁਆਰੇ ਦਾ ਨਿਰਮਾਣ ਕੀਤਾ ਗਿਆ ਹੈ। ਜੰਡਿਆਲਾ ਗੁਰੂ ਤੋਂ ਵੈਰੋਵਾਲ ਜਾਣ ਵਾਲੀ ਸੜਕ ਤੇ ਇਹ ਸਥਾਨ ਸਸ਼ੋਭਤ ਹੈ। ਉਨ੍ਹਾਂ ਦੀ ਪਿਆਰੀ ਯਾਦ ਵਿਚ ਪਿੰਡ ਸੰਘਰ ਕੋਟ ਦੀਆਂ ਸੰਗਤਾਂ ਵਿਆਹ ਪੁਰਬ ਦਾ ਜੋੜ ਮੇਲਾ ੧੬ ਮਾਘ ਨੂੰ ਬੜੀ ਧੂਮ-ਧਾਮ ਨਾਲ ਮਨਾਉਂਦੀਆਂ ਹਨ। ਖਡੂਰ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਭਾਰੀ ਨਗਰ ਕੀਰਤਨ ਬੈਂਡ ਵਾਜਿਆਂ ਦੀਆਂ ਧੁਨਾਂ ਨਾਲ ਹਰ ਸਾਲ ਪਿੰਡ ਸੰਘਰ ਕੋਟ ਪਹੁੰਚਦਾ ਹੈ। ਰਸਤੇ ਵਿਚ ਨਗਰ ਮੁਗਲਾਣੀ, ਸੰਘਰ ਕਲਾਂ ਦੀਆਂ ਸੰਗਤਾਂ ਨਗਰ ਕੀਰਤਨ ਚ ਸ਼ਾਮਲ ਹੋਣ ਵਾਲੀ ਸੰਗਤ ਦੀ ਸੇਵਾ ਕਰਕੇ ਮਹਾਨ ਖੁਸ਼ੀਆਂ ਪ੍ਰਾਪਤ ਕਰਦੀਆਂ ਹਨ।

## ੧੪. ਭਾਈ ਮੰਝ ਜੀ

ਭਾਈ ਮੰਝ ਜੀ ਸਿੱਖਾਂ ਦੇ ਪੰਜਵੇਂ ਸਤਿਗੁਰੂ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਅਨੰਨ ਸਿੱਖ ਹੋਏ ਹਨ। ਉਨ੍ਹਾਂ ਗੁਰੂ ਅਤੇ ਗੁਰੂ-ਘਰ ਦੀ ਸੇਵਾ ਦਾ ਅਜਿਹਾ ਨਮੂਨਾ ਦੱਸਿਆ ਕਿ ਇਹ ਸੇਵਾ ਸਿੱਖਾਂ ਵਾਸਤੇ ਉਦਾਹਰਣ (example) ਰੂਪ ਹੋ ਗਈ। ਉਨ੍ਹਾਂ ਦਾ ਅਸਲ ਨਾਮ ਤੀਰਥਾ ਸੀ ਪਰ ਗੋਤ ਦੇ ਨਾਮ ਤੋਂ ਮੰਝ ਨਾਮ ਪ੍ਰਸਿੱਧ ਹੋਇਆ।

ਭਾਈ ਮੰਝ ਜੀ ਇਲਾਕੇ ਦੇ ਚੌਧਰੀ ਹੋਣ ਕਰਕੇ ਆਪਣੇ ਪਿੰਡ ਅਤੇ ਇਲਾਕੇ ਦੇ ਸਿਰਕੱਢਾਂ ਵਿਚ ਗਿਣੇ ਜਾਂਦੇ ਸਨ। ਇਤਿਹਾਸ ਵਿਚ ਆਉਂਦਾ ਹੈ ਕਿ ਆਪ ਜਿੱਧਰ ਜਾਂਦੇ, ੫੦੦ ਸਰੀਰ ਉਨ੍ਹਾਂ ਦੇ ਨਾਲ ਹੁੰਦੇ। ਉਨ੍ਹਾਂ ਦਾ ਆਦਰ-ਮਾਣ, ਸਤਕਾਰ ਹਰ ਕੋਈ ਕਰਦਾ ਸੀ। ਉਹ ਸਖੀ ਸਰਵਰ ਦੇ ਪੁਜਾਰੀ ਸਨ।

ਭਾਈ ਮੰਝ ਜੀ ਸੰਮਤ ੧੬੪੨ ਤਥਾ ੧੫੮੫ ਈਸਵੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਸਿੱਖ ਧਰਮ ਗ੍ਰਹਿਣ ਕੀਤਾ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਰਨ ਵਿਚ ਆਉਣ ਤੋਂ ਪਹਿਲੋਂ ਭਾਈ ਮੰਝ ਜੀ ਸਖੀ ਸਰਵਰ ਦੇ ਉਪਾਸ਼ਕ ਅਤੇ ਮੁੱਖ ਪੁਜਾਰੀ ਸਨ। ਉਨ੍ਹਾਂ ਨੇ ਆਪਣੇ ਘਰ ਵਿਚ ਸਖੀ ਸਰਵਰ ਦਾ ਅਸਥਾਨ, ਪੀਰਖਾਨਾ ਬਣਾ ਰੱਖਿਆ ਸੀ। ਲਾਗਲੇ (neighbouring) ਪਿੰਡਾਂ (village) ਦੇ ਸਰਵਰੀਏ ਵੀਰਵਾਰ (Thursday) ਨੂੰ ਭਾਈ ਮੰਝ ਜੀ ਦੇ ਘਰ ਪੀਰ ਦੀ ਕਬਰ ਤੇ ਇਕੱਠੇ ਹੁੰਦੇ, ਰੋਟ ਚੜ੍ਹਾਉਂਦੇ, ਢੋਲ-ਢਮੱਕੇ ਨਾਲ ਪੀਰ ਦੇ ਗੁਣ ਗਾਇਣ ਕਰਦੇ। ਭਾਈ ਮੰਝ ਜੀ ਡੋਲੀਆਂ ਖਿਡਾਉਂਦੇ। ਜਾਦੂ-ਟੂਣੇ ਕਰਦੇ, ਤਵੀਤ ਬਣਾ ਕੇ ਲੋਕਾਂ ਨੂੰ ਦਿੰਦੇ। ਉਹ ਹਰ ਸਾਲ ਬਹੁਤ ਵੱਡਾ ਸੰਗ ਲੈ ਕੇ ਆਉਂਦੇ, ਢੋਲ ਵਜਾਉਂਦੇ ਪਿੰਡੋ-ਪਿੰਡ ਫਿਰਦੇ ਨਿਗਾਹੇ ਜਾਂਦੇ ਸਨ।

ਗੜ੍ਹਸ਼ੰਕਰ ਦੇ ਕਿਸੇ ਸਮੇਂ ਦੇ ਬੜੇ ਤਕੜੇ ਅਤੇ ਮੁਖੀ ਸਰਵਰੀਏ, ਸਿੱਖੀ ਧਾਰਨ ਕਰਨ ਉਪਰੰਤ ਗੁਰਮਤਿ ਦੀ ਕਮਾਈ ਸਦਕਾ ਗੁਰੂ ਜੀ ਵੱਲੋਂ ਕੰਢੀ ਅਤੇ ਬੀਤ ਦੇ ਇਲਾਕੇ ਦੇ ਪ੍ਰਚਾਰਕ ਸਨ। ਇਕ ਵਾਰ ਇਕ ਜੋਗੀ ਨੇ ਇਕ ਸਾਲ ਦਾ ਸਵਰਗ (heaven) ਅਤੇ ਮੁਕਤੀ (salvation) ਦਾ ਲਾਰਾ ਲਾ ਕੇ ਸਾਰਾ ਪਿੰਡ ਇਕੱਠਾ ਕਰ ਲਿਆ। ਭਾਈ ਤਿਲੋਕਾ ਜੀ ਨਾ ਗਏ। ਜੋਗੀ ਦਾ ਸਵਰਗ ਤਾਂ ਮਰਨ ਮਗਰੋਂ ਮਿਲਣਾ ਹੈ। ਮੈਨੂੰ ਮੇਰੇ ਗੁਰੂ ਨੇ ਹੁਣੇ ਹੀ ਸਵਰਗ ਬਖ਼ਸ਼ਿਆ ਹੋਇਆ ਹੈ। ਜੋਗੀ ਨੇ ਭਾਈ ਤਿਲੋਕਾ ਜੀ ਨੂੰ ਵੱਸ ਵਿਚ ਕਰਨ ਵਾਸਤੇ ਸਦਾ ਲਈ ਸਵਰਗ ਦੀ ਪੇਸ਼ਕਸ਼ (proposal) ਕੀਤੀ। ਭਾਈ ਤਿਲੋਕਾ ਜੀ ਤੇ ਕੋਈ ਅਸਰ ਨਾ ਹੋਇਆ। ਸਿੱਖੀ

ਸਿਦਕ ਵੇਖ ਕੇ ਜੋਗੀ ਭਾਈ ਸਾਹਿਬ ਦੇ ਦਰਸ਼ਨਾਂ ਨੂੰ ਖੁਦ (personally) ਆਇਆ, ਉਨ੍ਹਾਂ ਨਾਲ ਗੁਰੂ ਕੇ ਚੱਕ ਗੁਰੂ ਜੀ ਦੇ ਦਰਸ਼ਨ ਕਰ ਨਿਹਾਲ ਹੋ ਗਿਆ ਅਤੇ ਸਿੱਖੀ ਧਾਰਨ ਕੀਤੀ। ਇਸ ਗੱਲ ਦੀ ਇਲਾਕੇ ਵਿਚ ਬੜੀ ਚਰਚਾ ਚੱਲੀ।

ਕੰਗਮਾਈ ਦੇ ਕੁਝ ਘਰਾਂ ਦੀ ਗੜ੍ਹਸ਼ੰਕਰ ਰਿਸ਼ਤੇਦਾਰੀ ਸੀ। ਉਨ੍ਹਾਂ ਰਾਹੀਂ ਗੱਲ ਕੰਗਮਾਈ ਪੁੱਜੀ ਅਤੇ ਭਾਈ ਮੰਝ ਜੀ ਦੇ ਕੰਨੀਂ ਪੈ ਗਈ। ਉਨ੍ਹਾਂ ਦੇ ਦਿਲ ਵਿਚ ਵੀ ਗੁਰੂ ਕੇ ਚੱਕ (ਅੰਮ੍ਰਿਤਸਾਰ ਦਾ ਪਹਿਲਾ ਨਾਮ) ਜਾਣ ਦਾ ਸ਼ੌਂਕ (interest) ਜਾਗਿਆ ਅਤੇ ਛੇਤੀ ਹੀ ਗੁਰੂ ਦਰਬਾਰ ਵਿਚ ਹਾਜਰ ਹੋ ਗਏ। ਉਥੇ ਗੁਰਬਾਣੀ ਕੀਰਤਨ ਅਤੇ ਨਿਸ਼ਕਾਮ ਸੇਵਾ ਦੇ ਚੱਲ ਰਹੇ ਪ੍ਰਵਾਹ ਤੋਂ ਆਪ ਬਹੁਤ ਪ੍ਰਭਾਵਤ ਹੋਏ। ਸੰਗ (group) ਪਿੰਡ ਨੂੰ ਤੋਰ ਕੇ ਆਪ ਗੁਰੂ ਕੇ ਚੱਕ ਹੀ ਟਿਕ ਗਏ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਨਮੁਖ ਪੇਸ਼ ਹੋ ਗੁਰਸਿੱਖੀ ਦੀ ਦਾਤ ਮੰਗੀ।

ਗੁਰੂ ਜੀ ਨੇ ਫ਼ੁਰਮਾਇਆ, "ਸਿੱਖੀ ਬੜੀ ਔਖੀ ਹੈ। ਇਹ ਖੰਨਿਓਂ ਤਿੱਖੀ, ਵਾਲੋਂ ਨਿੱਕੀ ਧਾਰ ਵਾਲਾ ਬਿਖਮ ਮਾਰਗ ਹੈ। ਇਸ ਤੇ ਚੱਲਦਿਆਂ ਲਬ, ਲੋਭ, ਹੰਕਾਰ, ਤ੍ਰਿਸ਼ਨਾ ਤਿਆਗਣੇ ਪੈਂਦੇ ਹਨ। ਲੋਕ-ਲਾਜ ਤਿਆਗ ਮਨ ਮਾਰਨਾ ਪੈਂਦਾ ਹੈ। ਤੂੰ ਇਲਾਕੇ ਦਾ ਚੌਧਰੀ ਹੈਂ। ਗੁਰਸਿੱਖੀ ਤੋਂ ਤੂੰ ਕੀ ਲੈਣਾ ਹੈ?"

ਬਿਖਮ ਮਾਰਗ ਚੱਲਣ ਦੀਆਂ ਸਾਰੀਆਂ ਸ਼ਰਤਾਂ ਮੰਨਦਿਆਂ ਭਾਈ ਮੰਝ ਜੀ ਨੇ ਗਿੜਗਿੜਾ ਕੇ ਬੇਨਤੀ ਕੀਤੀ, "ਸਤਿਗੁਰ ਜੀ! ਚਾਹੇ ਰੱਖੋ, ਚਾਹੇ ਮਾਰੋ। ਏਥੇ ਆ ਕੇ ਮੈਂ ਆਪ ਜੀ ਦੇ ਚਰਨ-ਕੰਵਲਾਂ ਜੋਗਾ ਹੀ ਹੋ ਗਿਆ ਹਾਂ।" ਗੁਰੂ ਅਰਜਨ ਦੇਵ ਜੀ ਨੇ ਪੁਛਿਆ, "ਅੱਗੇ ਕਿਸ ਦਾ ਸਿੱਖ ਹੈਂ?"

ਭਾਈ ਮੰਝ ਜੀ ਨੇ ਅਧੀਨਗੀ ਸਹਿਤ ਆਖਿਆ, "ਜੀ ਜੀ, ਮੈਂ ਸਖੀ ਸਰਵਰ ਦਾ ਪੈਰੋਕਾਰ (disciple) ਰਿਹਾ ਹਾਂ ਜੀ। ਘਰ ਵਿਚ ਪੀਰ ਦੀ ਕਬਰ ਹੈ ਜੀ, ਜਿਥੇ ਹਰ ਵੀਰਵਾਰ ਸੰਗ ਜੁੜਦਾ ਹੈ। ਟੂਣੇ-ਟਮਾਣੇ ਵੀ ਕਰਦਾ ਹਾਂ। ਵਰ੍ਹੇ ਪਿੱਛੋਂ ਸੰਗ ਲੈ ਕੇ ਨਗਾਹੇ ਜ਼ਿਆਰਤ (pilgrimage) ਵਾਸਤੇ ਜਾਂਦਾ ਹਾਂ। ਹੁਣ ਵੀ ਉਥੋਂ ਹੀ ਆ ਰਿਹਾ ਹਾਂ। ਸੰਗ ਤੋਰ ਦਿੱਤਾ ਹੈ। ਮੈਂ ਇਸ ਅਸਥਾਨ ਨਾਲ ਜੁੜ ਬੈਠਾ ਹਾਂ ਜੀ।"ਗੁਰੂ ਜੀ ਨੇ ਬਚਨ ਕੀਤਾ, "ਭਾਈ! ਸਿੱਖੀ ਤੇ ਸਿੱਖੀ ਨਹੀਂ ਟਿਕਦੀ। ਪਹਿਲੀ ਸਿੱਖੀ ਛੱਡਣੀ ਪਵੇਗੀ। ਘਰ ਜਾ ਕੇ ਸਖੀ ਸਰਵਰ ਦੀ ਕਬਰ ਢਾਹ। ਇਲਾਕੇ ਦੀ ਚੌਧਰ ਛੱਡ। ਸੰਗ ਦੀ ਅਗਵਾਈ ਤਿਆਗ। ਵਾਹਿਗੁਰੂ ਗੁਰਮੰਤਰ ਦ੍ਰਿੜ੍ਹ ਕਰ। ਸਾਧ-ਸੰਗਤ ਦੀ ਸੇਵਾ ਕਰ। ਅਸੀਂ ਬੁਲਾਵਾਂਗੇ ਤਾਂ ਆਵੀਂ। ਸਤਿਗੁਰੂ ਨਾਨਕ ਮਿਹਰਾਂ ਦੇ ਘਰ ਵਿਚ ਆ ਕੇ ਬਖਸ਼ਿਸ਼ਾਂ ਕਰੇਗਾ।"

ਸਤਿਗੁਰੂ ਜੀ ਦਾ ਹੁਕਮ ਪਾ ਕੇ ਭਾਈ ਮੰਝ ਜੀ ਨੇ ਪਿੰਡ ਅਪੜਦਿਆਂ ਹੀ ਘਰ ਵਿਚ ਬਣਾਏ ਪੀਰਖਾਨੇ ਵਾਲੀ ਸਰਵਰ ਦੀ ਕਬਰ ਢਾਹ ਦਿੱਤੀ। ਢੋਲ ਪਾੜ ਦਿੱਤਾ। ਵੀਰਵਾਰ ਆਇਆ, ਪਿੰਡ ਅਤੇ ਲਾਗੇ-ਬੰਨੇ ਦੇ ਸਰਵਰੀਏ ਨੇਮ ਨਾਲ ਆਏ। ਅੱਗੋਂ ਭਾਈ ਮੰਝ ਦੇ ਘਰ ਪੀਰਖਾਨਾ ਹੀ ਕੋਈ ਨਾ। ਉਨ੍ਹਾਂ ਦੱਸਿਆ ਕਿ ਉਹ ਗੁਰੂ ਕੇ ਚੱਕ ਵਾਲੇ ਗੁਰੂ ਅਰਜਨ ਦੇਵ ਜੀ ਦੇ ਸਿੱਖ ਬਣ ਗਏ ਹਨ। ਸਰਵਰੀਏ ਨਹੀਂ ਰਹੇ। ਨਾ ਉਨ੍ਹਾਂ ਢੋਲ ਤੇ ਡੱਗਾ ਲਾਉਣਾ ਹੈ। ਨਾ ਸਖੀ ਸਰਵਰ ਦੇ ਗੁਣ ਗਾਉਣੇ ਹਨ। ਨਾ ਰੋਟ ਪਕਾਉਣਾ, ਵੰਡਣਾ ਹੈ। ਨਾ ਜਾਦੂ, ਟੂਣੇ, ਤਵੀਤ ਕਰਨੇ ਹਨ। ਨਾ ਡੋਲੀਆਂ ਖਿਡਾਉਣੀਆਂ ਹਨ। ਉਨ੍ਹਾਂ ਨੂੰ ਵਾਹਿਗੁਰੂ ਗੁਰਮੰਤਰ ਮਿਲ ਗਿਆ ਹੈ।

ਲੋਕ ਬੜੇ ਨਿਰਾਸ਼ ਹੋਏ। ਭਾਈ ਮੰਝ ਜੀ ਦੀ ਇਸ ਤਰ੍ਹਾਂ ਮੱਤ ਬਦਲੀ ਤੇ ਉਨ੍ਹਾਂ ਨੂੰ ਗੁੱਸਾ ਵੀ ਬਹੁਤ ਆਇਆ। ਕਹਿਣ ਲੱਗੇ, "ਤੀਰਥਾ! ਤੂੰ ਜਾਹਰਾ ਪੀਰ ਸਖੀ ਸਰਵਰ ਨੂੰ ਛੱਡ ਕੇ ਚੰਗਾ ਨਹੀਂ ਕੀਤਾ। ਤੂੰ ਕੁਰਾਹੇ ਪੈ ਗਿਆ ਹੈਂ। ਵੇਖੀਂ! ਪੀਰ ਨੇ ਤੈਨੂੰ ਬਰਬਾਦ ਕਰ ਦੇਣਾ ਹਈ! ਤੂੰ ਇਲਾਕੇ ਲਈ ਵੀ ਕੋਈ ਮੁਸੀਬਤ ਲਿਆਏਂਗਾ। ਅਜੇ ਵੀ ਵੇਲਾ ਹੈ। ਸਿੱਧੇ ਰਾਹ ਆ ਜਾ। ਸਾਡਾ ਚੌਧਰੀ ਹੈਂ, ਚੌਧਰੀ ਬਣਿਆ ਰਹੁ।" ਭਾਈ ਮੰਝ ਨੇ ਅੱਗੋਂ ਸਮਝਾਇਆ ਕਿ ਪੀਰਾਂ, ਫਕੀਰਾਂ, ਜਾਦੂ, ਟੂਣਿਆਂ ਨੂੰ ਛੱਡ ਕੇ ਇਕ ਪਰਮਾਤਮਾ ਦੇ ਉਪਾਸ਼ਕ ਬਣੋ, ਜਿਸ ਨੇ ਸਭ ਨੂੰ ਪੈਦਾ ਕੀਤਾ ਹੈ। ਇਸੇ ਵਿਚ ਹੀ ਅਸਲੀ ਆਤਮਕ ਸੁਖ ਹੈ।

ਪਰ ਗੁਸੇ ਵਿਚ ਆਏ ਸ਼ਰੀਕ ਸੌਖਿਆਂ ਕਿਥੇ ਸਮਝਦੇ ਸਨ! ਉਨ੍ਹਾਂ ਨੇ ਭਾਈ ਮੰਝ ਜੀ ਨੂੰ ਬਰਾਦਰੀ ਵਿਚੋਂ ਛੇਕ ਦਿੱਤਾ ਅਤੇ ਉਸ ਨੂੰ ਤੰਗ-ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦਾ ਦੇਣਾ ਲੈਣਾ ਦੱਬ ਲਿਆ। ਜਿਨ੍ਹਾਂ ਦੇਣਾ ਸੀ, ਉਹ ਦੇਣ ਨਾ। ਲੈਣ ਵਾਲੇ ਆ ਕੇ ਤੰਗ ਕਰਨ। ਆਪ ਜੀ ਨੇ ਜੋ ਪੱਲੇ ਸੀ ਦੇ ਦਿੱਤਾ। ਜਦ ਪੱਲਿਓਂ ਮੁੱਕ ਗਿਆ ਤਾਂ ਲਹਿਣੇਦਾਰ ਸ਼ਰੀਕ ਘਰ ਦਾ ਸਾਮਾਨ ਚੁੱਕ ਕੇ ਲੈ ਗਏ। ਡੰਗਰ ਵੱਛਾ ਖੋਲ੍ਹ ਕੇ ਲੈ ਗਏ। ਬਾਹਰ ਫਸਲ ਪੱਠਾ ਆਪਣੇ ਡੰਗਰ ਛੱਡ ਕੇ ਉਜਾੜ ਦਿੱਤਾ। ਘਰ ਬੱਝੇ ਪਸ਼ੂ ਭੁੱਖ ਨਾਲ ਕਮਜ਼ੋਰ ਹੋ ਮਰਨ ਲੱਗੇ ਤਾਂ ਭਾਈ ਮੰਝ ਜੀ ਨੇ ਉਨ੍ਹਾਂ ਦੇ ਰੱਸੇ ਖੋਲ੍ਹ ਦਿੱਤੇ। ਨਾ ਕੋਈ ਬੋਲੇ, ਬੁਲਾਵੇ। ਜੋ ਨਰਮ ਦਿਲ ਸਨ ਉਹ ਵੀ ਪਿੰਡ ਦੇ ਵਡਿਆਂ ਤੋਂ ਡਰਦੇ ਹੋਏ ਪਾਸਾ ਵੱਟ ਕੇ ਲੰਘ ਜਾਂਦੇ। ਭਾਈ ਜੀ ਸ਼ਾਂਤਮਈ ਨਾਲ ਸਭ ਕੁਝ ਝਲਦੇ ਰਹੇ। ਕਿਸੇ ਨਾਲ ਬੋਲ ਵਿਗਾੜ ਨਾ ਕੀਤਾ, ਨਾ ਹੱਥ ਚੁੱਕਿਆ। ਘਰਵਾਲੀ ਅਤੇ ਲੜਕੀ ਨੂੰ ਵੀ ਸਹਿਜ ਅਵਸਥਾ ਵਿਚ ਰਹਿਣ ਦੀ ਪ੍ਰੇਰਨਾ ਦਿੰਦੇ। ਪਿੰਡ ਅਤੇ ਆਸ-ਪਾਸ ਕੋਈ ਕੰਮ ਨਾ ਮਿਲਣ ਤੇ ੧੧ ਮੀਲ ਪੈਂਡਾ ਝਾਗ ਸ਼ਹਿਰ ਹੁਸ਼ਿਆਰਪੁਰ ਵਿਚ ਮਿਹਨਤ-

ਮਜ਼ਦੂਰੀ ਕਰ ਮਾੜੀ-ਮੋਟੀ ਕਮਾਈ ਕਰ ਰਾਤ ਨੂੰ ਘਰ ਪੁੱਜਦੇ। ਉਸੇ ਵਿਚ ਹੀ ਗੁਜ਼ਾਰਾ ਕਰਦੇ। ਉਸੇ ਵਿਚੋਂ ਹੀ ਲੋੜਵੰਦ ਗਰੀਬ-ਗੁਰਬੇ, ਅਨਾਥ ਦੀ ਯਥਾ ਜੋਗ ਸੇਵਾ ਕਰਦੇ। ਰੱਬ ਦਾ ਸ਼ੁਕਰ ਅਦਾ ਕਰ, ਹਰ ਸਮੇਂ ਵਾਹਿਗੁਰੂ ਗੁਰਮੰਤਰ ਦਾ ਜਾਪ ਕਰਦੇ। ਸਤਿਗੁਰੂ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਦੇ ਰਹੇ।

ਛੇ ਮਹੀਨੇ ਲੰਘ ਗਏ। ਮਿਹਰਾਂ ਦੇ ਸਾਈ, ਸਤਿਗੁਰੂ ਜੀ ਨੇ ਸਿੱਖ ਦਾ ਹੌਸਲਾ ਜਾਚਣ ਵਾਸਤੇ ਹਜ਼ੂਰੀ ਗੁਰਸਿੱਖ (ਮੇਵੜੇ) ਹੱਥੀਂ ਹੁਕਮਨਾਮਾ (letter of command) ਭੇਜਿਆ। ਭਾਈ ਮੰਝ ਜੀ ਸਾਹਮਣੇ ਹੁਕਮਨਾਮੇ ਦੀ ਦਰਸ਼ਨ ਭੇਟਾ ਦਾ ਸੁਆਲ ਖੜ੍ਹਾ ਹੋ ਗਿਆ। ਉਨ੍ਹਾਂ ਕੋਲ ਤਾਂ ਹੈ ਕੁਝ ਨਹੀਂ ਸੀ। ਰੋਜ਼ ਦੀ ਘਾਲ-ਕਮਾਈ ਵੀ ਨਾ ਹੋਣ ਦੇ ਬਰਾਬਰ ਸੀ। ਪਤਨੀ ਨਾਲ ਸਲਾਹ ਕਰਕੇ ਉਹ ਪਿੰਡ ਦੇ ਇਕ ਸਾਕਤ ਬਿਰਤੀ ਵਾਲੇ ਸ਼ਰੀਕ ਕੋਲ ਗਏ ਜਿਸ ਨੇ ਕਿਸੇ ਵੇਲੇ ਭਾਈ ਜੀ ਦੀ ਮੁਟਿਆਰ ਸੁੰਦਰ ਲੜਕੀ ਦਾ ਸਾਕ ਆਪਣੇ ਕਿਸੇ ਰਿਸ਼ਤੇਦਾਰ ਵਾਸਤੇ ਮੰਗਿਆ ਸੀ। ਉਸ ਦਾ ਚੰਗਾ ਵਰਤਾਰਾ ਨਾ ਹੋਣ ਕਾਰਨ ਭਾਈ ਮੰਝ ਜੀ ਨੇ ਉਸ ਵੇਲੇ ਸਾਕ ਦੇਣੋਂ ਨਾਂਹ ਕਰ ਦਿੱਤੀ ਸੀ। ਸਗੋਂ ਉਲਟਾ ਉਸ ਨੂੰ ਝਾੜ ਪਾਈ ਸੀ ਕਿ ਉਸ ਨੂੰ ਏਨੀ ਜੁਰੱਅਤ ਕਿਵੇਂ ਪਈ। ਅੱਜ ਖ਼ੁਦ ਆਪਣੀ ਲਖਤੇ-ਜਿਗਰ ਸੁੰਦਰ, ਸੁਸ਼ੀਲ ਲੜਕੀ ਉਸ ਦੇ ਹਵਾਲੇ ਕਰ ਦਿੱਤੀ। ਭਈ ਇਸ ਨੂੰ ਜਿਵੇਂ ਮਰਜੀ ਰੱਖ, ਮਾਰ ਭਾਵੇਂ ਵਿਆਹ ਅਤੇ ਉਸ ਤੋਂ ੨੧ ਰੁਪਏ ਲਿਆ, ਦਰਸ਼ਨ ਭੇਟਾ ਅਰਪਣ ਕਰ ਹੁਕਮਨਾਮਾ ਵਸੂਲ ਕੀਤਾ। ਮੱਥਾ ਟੇਕਿਆ, ਚੁੰਮਿਆ, ਅੱਖਾਂ ਨਾਲ ਲਾਇਆ, ਪੜ੍ਹਿਆ। ਹੁਕਮਨਾਮੇ ਵਿਚ ਸਬਰ ਸਬੂਰੀ ਨਾਲ, ਗੁਰੂ ਦੇ ਭਾਣੇ ਵਿਚ ਰਹਿੰਦਿਆਂ ਨਾਮ ਜਪਣ, ਕਿਰਤ ਕਰਨ, ਵੰਡ ਛਕਣ, ਸੇਵਾ, ਪਰਉਪਕਾਰ, ਹਲੀਮੀ ਦੀ ਸੰਥਾ ਦ੍ਰਿੜ ਕਰਾਈ ਗਈ ਸੀ।

ਹੁਕਮਨਾਮਾ ਪਾ ਕੇ ਭਾਈ ਮੰਝ ਜੀ ਖੁਸ਼ੀ ਵਿਚ ਮਿਆਉਂਦੇ ਨਹੀਂ ਸਨ। ਭਾਵੇਂ ਗੁਰੂ ਦਰਬਾਰ ਹਾਜ਼ਰ ਹੋਣ ਦਾ ਕੋਈ ਵੇਰਵਾ ਨਹੀਂ ਸੀ ਪਰ ਇਹ ਗੱਲ ਘੱਟ ਨਹੀਂ ਸੀ ਕਿ ਸਤਿਗੁਰੂ ਜੀ ਨੇ ਯਾਦ ਤਾਂ ਕੀਤਾ ਹੈ। ਭੁਲਾਇਆ ਨਹੀਂ। ਓਧਰ ਪਿੰਡ ਦੇ ਲੋਕ ਭਾਈ ਸਾਹਿਬ ਦੀ ਸਿੱਖੀ ਬਦਲੇ ਏਨੀ ਵੱਡੀ ਕੁਰਬਾਨੀ ਤੇ ਹੈਰਾਨ ਹੋ ਰਿਹਾ ਸੀ। ਉਨ੍ਹਾਂ ਦੇ ਅੰਦਰਲਾ ਮਨਮੁਖ ਜਿਵੇਂ ਸ਼ਰਮਿੰਦਾ ਜਿਹਾ ਹੋ ਰਿਹਾ ਸੀ। ਪਿੰਡ ਵਿਚ ਵੀ ਭਾਈ ਮੰਝ ਜੀ ਦੀ ਹੁਕਮਨਾਮੇ ਵਾਸਤੇ ਦਰਸ਼ਨ ਭੇਟਾ ਬਦਲੇ ਅਣਚਾਹੇ (unfavourable) ਸ਼ਖ਼ਸ (individual) ਕੋਲ ਆਪਣੀ ਲੜਕੀ ਵੇਚਣ ਦੀ ਕਾਰਵਾਈ ਦੀ ਬੜੀ ਚਰਚਾ ਛਿੜੀ। ਪਿੰਡ ਦੇ ਬਹੁਤ ਸਾਰੇ ਲੋਕਾਂ ਦੇ ਦਿਲਾਂ ਵਿਚ ਉਨ੍ਹਾਂ ਪ੍ਰਤੀ ਸ਼ਰਧਾ ਨਿੰਮਣ (initiate) ਲੱਗੀ।

ਭਾਈ ਮੰਝ ਜੀ ਗੁਰੂ ਜੀ ਦੇ ਹੁਕਮਨਾਮੇ ਦੀ ਖ਼ੁਮਾਰੀ (intoxication) ਵਿਚ ਜਿਵੇਂ ਉੱਡਦੇ ਫਿਰਦੇ। ਫ਼ਲ ਲੱਦੀਆਂ ਟਾਹਣੀਆਂ ਵਾਂਗ ਉਹ ਅੱਗੇ ਨਾਲੋਂ ਵੀ ਹਲੀਮ, ਨਿਮਾਣੇ ਅਤੇ ਸ਼ਰੀਕਾਂ ਦੀ ਹਰੇਕ ਨਿਰਾਦਰੀ ਦਾ ਉੱਤਰ ਮੁਸਕਰਾਹਟ ਵਿਚ ਦਿੰਦੇ। ਕਿਸੇ ਨਾਲ ਵੀ ਉਨ੍ਹਾਂ ਨੂੰ ਸ਼ਿਕਾਇਤ (complain), ਸ਼ਿਕਵਾ ਨਹੀਂ ਸੀ। ਨਾ ਗੁੱਸਾ ਸੀ, ਨਾ ਗਿਲਾ, ਨਾ ਕੋਈ ਮਿਹਣਾ, ਨਾ ਉਲ੍ਹਾਮਾ। ਸ਼ਰੀਕਾਂ ਦੀ ਕਿਸੇ ਵੀ ਵਧੀਕੀ ਦਾ, ਕਿਸੇ ਵੀ ਧੱਕੇ ਦਾ, ਕਿਸੇ ਵੀ ਸ਼ਰਾਰਤ ਦਾ ਕੋਈ ਜੁਆਬ ਨਾ ਦਿੰਦੇ। "ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ" ਵਾਲੀ ਅਵਸਥਾ ਉਨ੍ਹਾਂ ਤੇ ਪੂਰੀ ਤਰ੍ਹਾਂ ਢੁੱਕਦੀ ਸੀ।

ਸਤਿਗੁਰ ਦੇ ਭਾਣੇ ਵਿਚ ਮਖ਼ਮੂਰ ਭਾਈ ਮੰਝ ਜੀ ਪਹਿਰ ਰਾਤ ਰਹਿੰਦੀ ਉਠਦੇ। ਸੌਚ-ਇਸ਼ਨਾਨ ਉਪਰੰਤ ਵਾਹਿਗੁਰੂ ਗੁਰਮੰਤਰ ਦਾ ਸਿਮਰਨ ਕਰਦੇ। ਗੁਰੂ-ਦਰਬਾਰੋਂ ਲਿਖ ਕੇ ਲਿਆਂਦੇ ਜਪੁ ਜੀ ਸਾਹਿਬ ਦਾ ਪਾਠ ਕਰਦੇ, ਸ਼ਬਦਾਂ ਦਾ ਕੀਰਤਨ ਕਰਦੇ। ਮੂੰਹ ਹਨ੍ਹੇਰੇ ਹੀ ਹੁਸ਼ਿਆਰਪੁਰ ਨੂੰ ਚੱਲ ਪੈਂਦੇ। ਸਾਰਾ ਦਿਨ ਮਿਹਨਤ ਮਜ਼ੂਰੀ ਕਰ ਦੋ-ਚਾਰ ਟਕੇ ਜੋ ਉਹ ਕਮਾਉਂਦੇ, ਉਨ੍ਹਾਂ ਦਾ ਆਟਾ, ਲੂਣ, ਤੇਲ ਆਦਿ ਲੈ ਪਿੰਡ ਨੂੰ ਪਰਤਦੇ (return)। ਕੋਈ ਗਰੀਬ-ਗੁਰਬਾ, ਲੋੜਵੰਦ ਰਾਹ ਵਿਚ ਮਿਲਦਾ ਤਾਂ ਘਰ ਵਾਸਤੇ ਖਰੀਦੀ ਰਸਦ ਵਿਚੋਂ ਉਸ ਦੇ ਅਰਪਣ ਕਰਦੇ। ਕੋਈ ਗੁਰਮੁਖ ਪਿਆਰਾ ਮਿਲਦਾ ਤਾਂ ਬਲਿਹਾਰ ਬਲਿਹਾਰ ਹੋ ਜਾਂਦੇ। ਆਪਣਾ ਆਪ ਨਿਛਾਵਰ ਕਰਨ ਤਕ ਜਾਂਦੇ। ਜਾਂਦੇ-ਆਉਂਦੇ ਸਾਰੀ ਵਾਟ ਵਾਹਿਗੁਰੂ ਜਾਪ ਜਪਦੇ, ਕੰਠ (memorised) ਹੋਏ ਸ਼ਬਦ ਪੜ੍ਹਦੇ। ਇਹ ਉਨ੍ਹਾਂ ਦਾ ਨਿੱਤ ਦਾ ਕਰਮ ਸੀ।

ਥੋੜ੍ਹਾ ਖਾਣ, ਥੋੜ੍ਹਾ ਸੌਣ ਤੇ ਸਖ਼ਤ ਮਿਹਨਤ ਨਾਲ ਭਾਈ ਮੰਝ ਜੀ ਦਾ ਸਰੀਰ ਖਾਸਾ ਹੀ ਲਿੱਸਾ (weak) ਹੋ ਗਿਆ ਸੀ ਪਰ ਆਤਮਾ ਉਨ੍ਹਾਂ ਦੀ ਅੱਗੇ ਨਾਲੋਂ ਕਿਤੇ ਜ਼ਿਆਦਾ ਬਲਵਾਨ ਸੀ। ਪਿੰਡ ਤੇ ਇਲਾਕੇ ਵਾਲੇ ਉਨ੍ਹਾਂ ਦਾ ਇਹ ਨਿੱਤ ਕਰਮ ਅਤੇ ਦੁੱਖਾਂ ਦੇ ਬਾਵਜੂਦ ਚੜ੍ਹਦੀਆਂ ਕਲਾ ਵਾਲਾ ਜੀਵਨ ਵੇਖ ਹੈਰਾਨ ਹੁੰਦੇ। ਕਈ ਤਾਂ ਉਨ੍ਹਾਂ ਦੇ ਸਿਦਕ ਤੇ ਮਨ ਹੀ ਮਨ ਵਿਚ ਕੁਰਬਾਨ ਜਾਣ ਲੱਗ ਪਏ ਸਨ। ਇਸ ਤਰ੍ਹਾਂ ਕੁਝ ਸਮਾਂ ਹੋਰ ਲੰਘ ਗਿਆ।

ਆਖਰ ਚਰਨ ਸਰਨਿ ਗੁਰ ਏਕ ਪੈਂਡਾ ਜਾਇ ਚਲ, ਸਤਿਗੁਰ ਕੋਟਿ ਪੈਂਡਾ ਆਗੇ ਹੋਇ ਲੇਤ ਹੈ ਦੀ ਭਾਵਨਾ ਪੂਰੀ ਹੋਈ। ਪਰੇਮ-ਤਰੰਗ ਉਛਾਲਾ ਖਾਧਾ। ਸਿੱਖ ਦੇ ਸਿਦਕ ਨੇ ਸਤਿਗੁਰੂ ਜੀ ਦੇ ਹਿਰਦੇ ਖਿੱਚ ਪਾਈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਮੰਝ ਜੀ ਨੂੰ ਹਾਜ਼ਰ ਹੋਣ ਦਾ ਹੁਕਮਨਾਮਾ ਭੇਜਿਆ। ਹੁਸ਼ਿਆਰਪੁਰੋਂ

ਪਰਤਦਿਆਂ ਜਦ ਉਨ੍ਹਾਂ ਨੂੰ ਮੇਵੜੇ ਸਿੱਖ ਦੇ ਆਉਣ ਦਾ ਪਤਾ ਲੱਗਾ ਤਾਂ ਉਹ ਖੁਸ਼ੀ ਵਿਚ ਖੀਵੇ ਹੋ ਗਏ। ਸਤਕਾਰ ਵਜੋਂ ਉਸ ਦੇ ਚਰਨਾਂ ਤੇ ਸੀਸ ਰੱਖਿਆ। ਇਹ ਸਿੱਖ ਮੇਰੇ ਸਤਿਗੁਰੂ ਦੇ ਦਰਬਾਰ, ਉਨ੍ਹਾਂ ਦੇ ਹਜ਼ੂਰ ਵਿਚੋਂ ਆਇਆ ਹੈ। ਉਸ ਦੇ ਪੈਰ ਧੋਤੇ, ਯਥਾ ਜੋਗ ਅੰਨ ਪਾਣੀ ਛਕਾਇਆ।

ਹੁਣ ਫਿਰ ਸਮੱਸਿਆ ਖੜ੍ਹੀ ਹੋਈ ਹੁਕਮਨਾਮੇ ਦੀ ਦਰਸ਼ਨ ਭੇਟਾ ਦੀ। ਭਾਈ ਮੰਝ ਜੀ ਨੇ ਆਪਣੀ ਪਤਨੀ ਨਾਲ ਕੁਝ ਵਿਚਾਰ ਕੀਤੀ। ਦੋਹਾਂ ਪਿੰਡ ਦੇ ਬਾਣੀਏ ਪਾਸ ਜਾ ਕੇ ੨੧ ਰੁਪਏ ਹੱਥ ਉਧਾਰ ਮੰਗੇ। "ਭਾਈ ਮੰਝ! ਉਧਾਰ ਵਾਸਤੇ ਤਾਂ ਕੁਝ ਗਹਿਣੇ ਰੱਖਣਾ ਪੈਂਦਾ ਹੈ। ਤੁਹਾਡੇ ਕੋਲ ਤਾਂ ਐਸੀ ਕੋਈ ਵਸਤੂ ਨਹੀਂ ਰਹਿ ਗਈ।" ਬਾਣੀਏ ਦੀ ਇਕ ਤਰ੍ਹਾਂ ਨਾਲ ਨਾਂਹ ਸੀ। ਭਾਈ ਮੰਝ ਜੀ ਨੇ ਉਸੇ ਦਮ (instantaneously) ਆਪਣੀ ਪਤਨੀ ਗਹਿਣੇ ਰੱਖਣ ਦੀ ਪੇਸ਼ਕਸ਼ ਕੀਤੀ ਜਿਸ ਦੀ ਸਹਿਮਤੀ ਵਜੋਂ ਬਾਣੀਏ ਚੁੱਪ ਵੱਟੀ ਰੱਖੀ। ਇਸ ਤਰ੍ਹਾਂ ਪਤਨੀ ਗਹਿਣੇ ਰੱਖ ਕੇ ੨੧ ਰੁਪਏ ਪਾ ਕੇ ਜਿਵੇਂ ਭਾਈ ਮੰਝ ਜੀ ਨੂੰ ਕੋਈ ਸ਼ਹਿਨਸ਼ਾਹੀ ਮਿਲ ਗਈ ਹੋਵੇ।

ਦਰਸ਼ਨ ਭੇਟਾ ਅਰਪਣ ਕਰ, ਭਾਈ ਮੰਝ ਜੀ ਨੇ ਹੁਕਮਨਾਮਾ ਪ੍ਰਾਪਤ ਕੀਤਾ। ਪਹਿਲੇ ਵਾਂਗ ਹੀ ਹੁਕਮਨਾਮੇ ਨੂੰ ਮੱਥਾ ਟੇਕਿਆ, ਚੁੰਮਿਆ, ਅੱਖਾਂ ਨਾਲ ਲਾਇਆ, ਸਿਰ-ਮੱਥੇ ਤੇ ਰੱਖਿਆ, ਵਾਚਿਆ। ਪੰਜਵੇਂ ਪਾਤਸ਼ਾਹ ਜੀ ਵੱਲੋਂ ਤੁਰੰਤ ਗੁਰੂ ਕੇ ਚੱਕ ਪੁੱਜਣ ਦਾ ਹੁਕਮ ਸੀ। ਬੜੇ ਚਾਅ ਤੇ ਉਮਾਹ ਨਾਲ ਭਾਈ ਮੰਝ ਜੀ ਮੇਵੜੇ ਸਿੱਖ ਦੇ ਹਮਰਾਹ ਗੁਰੂ ਕੇ ਚੱਕ ਗੁਰੂ-ਚਰਨਾਂ ਵਿਚ ਜਾ ਹਾਜ਼ਰ ਹੋਏ। ਜਾਣੀਂ-ਜਾਣ ਸਤਿਗੁਰੂ ਬੋਲੇ "ਭਾਈ ਮੰਝ ਆ ਗਿਆ ਏਂ? ਜਾਹ ਫਿਰ ਗੁਰੂ ਨਾਨਕ ਦੇ ਘਰ ਦੀ ਸੇਵਾ ਕਰ! ਸੇਵਾ, ਸਿਮਰਨ ਤੇ ਪਰਉਪਕਾਰ ਵਿਚੋਂ ਹੀ ਸਿੱਖੀ ਮਿਲਣੀ ਹੈ।" ਹੁਕਮ ਪਾ ਕੇ ਭਾਈ ਮੰਝ ਜੀ ਉਸੇ ਵੇਲੇ ਤੋਂ ਸੇਵਾ ਵਿਚ ਲੱਗ ਗਏ। ਉਨ੍ਹਾਂ ਦਿਨਾਂ ਵਿਚ ਗੁਰੂ ਦੇ ਚੱਕ ਦੇ ਦੁਆਲੇ ਘਣੇ ਜੰਗਲ ਸਨ। ਭਾਈ ਮੰਝ ਜੀ ਗੁਰੂ ਕੇ ਲੰਗਰ ਵਾਸਤੇ ਲੱਕੜੀਆਂ ਲਿਆਉਂਦੇ, ਪਾਣੀ ਢੋਂਦੇ, ਬਰਤਨ ਮਾਂਜਦੇ, ਝਾੜੂ ਦਿੰਦੇ। ਗੱਲ ਕੀ, ਜੋ ਕੋਈ ਸੇਵਾ ਨਜ਼ਰ ਆਉਂਦੀ ਝੱਟ ਕਰਨ ਲੱਗ ਜਾਂਦੇ। ਮੂੰਹ ਵਿਚ ਹਰ ਵੇਲੇ ਵਾਹਿਗੁਰੂ ਨਾਮ ਜਪਦੇ ਰਹਿੰਦੇ। ਦੋਵੇਂ ਵੇਲੇ ਕਥਾ ਕੀਰਤਨ ਦਾ ਅਨੰਦ ਮਾਣਦੇ। ਅੰਮ੍ਰਿਤ ਵੇਲੇ ਤੋਂ ਹੀ ਗੁਰਸਿੱਖੀ ਦੀ ਕਾਰ ਵਿਚ ਜੁਟ ਪੈਂਦੇ। ਪ੍ਰਸ਼ਾਦ ਦੋਵੇਂ ਵੇਲੇ ਲੰਗਰ ਵਿਚੋਂ ਛਕਦੇ।

ਕਈ ਮਹੀਨੇ ਬੀਤ ਗਏ। ਗੁਰੂ ਸਾਹਿਬ ਦੀ ਮਿਹਰ ਦੀ ਨਜ਼ਰ ਨਾ ਪ੍ਰਾਪਤ ਹੋਈ। ਭਾਈ ਮੰਝ ਜੀ ਨੇ ਵੀ ਸਿਮਰਨ ਤੇ ਸੇਵਾ ਦੀ ਲਗਨ ਟੁੱਟਣ ਨਾ ਦਿੱਤੀ। ਇਕ ਦਿਨ

ਭਾਈ ਮੰਝ ਜੀ ਲੰਗਰ ਵਿਚੋਂ ਪ੍ਰਸ਼ਾਦਾ ਛਕ ਕੇ ਨਿਕਲ ਰਹੇ ਸਨ ਕਿ ਸਤਿਗੁਰਾਂ ਦੇ ਸਾਹਮਣੇ ਹੋਣ ਦਾ ਸਬੱਬ ਬਣਿਆ। ਭਾਈ ਜੀ ਦਰਸ਼ਨ ਪਾ ਕੇ ਗਦ-ਗਦ ਹੋ ਗਏ। ਹਉ ਘੋਲੀ ਜੀਉ ਘੋਲਿ ਘੁਮਾਈ ਵਾਲੀ ਅਵਸਥਾ ਵਿਚ ਪਹੁੰਚ ਗਏ।

ਗੁਰੂ ਜੀ : "ਭਾਈ ਮੰਝ! ਕੀ ਕਰਦਾ ਹੈਂ?"

ਭਾਈ ਮੰਝ : "ਜੀ ਆਪ ਜੀ ਦੇ ਹੁਕਮ ਮੁਤਾਬਕ ਸੇਵਾ ਵਿਚ ਲੱਗ ਰਿਹਾ ਹਾਂ।"

ਗੁਰੂ ਜੀ : "ਰੋਟੀ ਕਿਥੋਂ ਖਾਂਦਾ ਹੈਂ?"

ਭਾਈ ਮੰਝ : "ਜੀ ਲੰਗਰ ਵਿਚੋਂ।"

ਗੁਰੂ ਜੀ : "ਇਹ ਤਾਂ ਭਾਈ ਕੋਈ ਸੇਵਾ ਨਾ ਹੋਈ! ਇਹ ਤਾਂ ਮਜ਼ੂਰੀ ਹੋਈ ਨਾ?"

ਭਾਈ ਮੰਝ ਜੀ ਚੁੱਪ, ਹੱਥ ਜੋੜ, ਨੀਵੀਂ ਪਾਈ ਖੜ੍ਹੇ ਰਹੇ।

ਗੁਰੂ ਜੀ : "ਭਾਈ! ਸੇਵਾ ਉਹ ਹੁੰਦੀ ਹੈ ਜੋ ਨਿਸ਼ਕਾਮ (desireless) ਕੀਤੀ ਜਾਵੇ। ਬਦਲੇ ਵਿਚ ਕੁਝ ਨਾ ਲਿਆ ਜਾਵੇ। ਨਾ ਮੰਗਿਆ ਜਾਵੇ, ਨਾ ਇੱਛਾ ਕੀਤੀ ਜਾਵੇ। ਸੋ ਭਾਈ ਜੇ ਪਰਮ-ਪਦ ਪ੍ਰਾਪਤ ਕਰਨੀ ਹੈ ਤਾਂ ਲੰਗਰ ਵਿਚੋਂ ਰੋਟੀ-ਪਾਣੀ ਛਕਣਾ ਛੱਡ ਦੇਹ। ਕਮਾਈ ਕਰਕੇ ਰੋਟੀ ਖਾਹ। ਨਾਮ ਦਾ ਜਾਪ, ਸੇਵਾ, ਕਿਰਤ ਕਮਾਈ, ਵੰਡ ਕੇ ਛਕਣਾ ਗੁਰਸਿੱਖੀ ਦੇ ਥੰਮ੍ਹ ਹਨ।"

ਭਾਈ ਮੰਝ ਜੀ ਦੇ ਜਿਵੇਂ ਕਪਾਟ ਖੁੱਲ੍ਹ ਗਏ। ਅੰਤਰ ਗਿਆਨ ਹੋ ਗਿਆ। ਉਸ ਦਿਨ ਤੋਂ ਉਨ੍ਹਾਂ ਨੇਮ ਬਣਾ ਲਿਆ। ਯਥਾ-ਸ਼ਕਤ ਇਕ ਜਾਂ ਦੋ ਪੰਡਾਂ ਲੱਕੜਾਂ ਲੰਗਰ ਲਈ ਲਿਆਉਂਦੇ। ਫਿਰ ਇਕ ਪੰਡ ਲੱਕੜਾਂ ਦੀ ਜਾਂ ਘਾਹ ਦੀ ਲਿਆ ਬਜ਼ਾਰ ਵਿਚ ਵੇਚ ਕੇ ਜੋ ਟਕਾ ਦੋ ਟਕੇ ਵੱਟਦੇ ਉਸ ਦਾ ਦਸਵੰਧ ਕੱਢ ਕੇ ਬਜ਼ਾਰੋਂ ਰੋਟੀ-ਪਾਣੀ ਛਕਦੇ। ਬਾਕੀ ਦਾ ਵਕਤ ਗੁਰੂ-ਦਰਬਾਰ ਵਿਚ ਸੇਵਾ ਕਰਨੀ। ਪੱਖਾ ਫੇਰਨਾ, ਪਾਣੀ ਢੋਣਾ, ਝਾੜੂ ਮਾਰਨਾ, ਬਰਤਨ ਮਾਂਜਣੇ। ਦੋਵੇਂ ਵਕਤ ਕਥਾ ਕੀਰਤਨ ਸੁਣਨਾ। ਹਰ ਵਕਤ

ਵਾਹਿਗੁਰੂ ਜਾਪ ਜਪਦੇ ਰਹਿਣਾ। ਇਸ ਤਰ੍ਹਾਂ ਸੇਵਾ, ਸਿਮਰਨ ਕਰਦੇ ਭਾਈ ਮੰਝ ਜੀ ਸਿੱਖੀ ਦੀ ਉੱਪਰਲੀ ਮੰਜ਼ਲ ਤੇ ਜਾ ਪੁੱਜੇ।

ਇਸੇ ਤਰ੍ਹਾਂ ਸਿੱਖ ਦਾ ਸਿਦਕ ਵੇਖਣ ਲਈ ਇਕ ਦਿਨ ਗੁਰੂ ਜੀ ਨੇ ਆਖਿਆ, "ਭਾਈ, ਤੈਂ ਸਿੱਖ ਹੋ ਕੇ ਕੀ ਖੱਟਿਆ? ਧਨ ਨਾਸ, ਇਸਤਰੀ ਗਹਿਣੇ, ਬੇਟੀ ਵਿਕ ਗਈ, ਰਾਤ ਦਿਨੇ ਤੈਨੂੰ ਭੀ ਚੈਨ ਨਹੀਂ।"

"ਗੁਰਦੇਵ ਜੀਓ! ਮੈਂ ਝੂਠਾ ਧਨ ਗਵਾ ਕੇ ਵਾਹਿਗੁਰੂ ਨਾਮ ਦਾ ਸੱਚਾ ਧਨ ਐਸਾ ਲੱਭਾ ਹੈ ਜਿਸ ਨੂੰ ਚੋਰ-ਉਚੱਕਾ ਚੁਰਾ ਨਹੀਂ ਸਕਦਾ, ਰਾਜਾ ਖੋਹ ਨਹੀਂ ਸਕਦਾ। ਇਹ ਪ੍ਰਾਪਤੀ ਵੱਡੇ ਭਾਗਾਂ ਨਾਲ ਗੁਰੂ ਦੀ ਕਿਰਪਾ ਨਾਲ ਹੁੰਦੀ ਹੈ।" ਭਾਈ ਮੰਝ ਜੀ ਜੋ ਹਰ ਵੇਲੇ ਪ੍ਰਸੰਨ-ਚਿੱਤ ਰਹਿੰਦੇ ਸਨ, ਨੇ ਹੱਥ ਜੋੜ, ਸੀਸ ਝੁਕਾਉਂਦਿਆਂ ਅਰਜ਼ ਗੁਜ਼ਾਰੀ।

ਗੁਰੂ ਜੀ ਬਹੁਤ ਖੁਸ਼ ਹੋਏ। ਅਤੇ ਲਓ, ਗੁਰੂ ਜੀ ਦੀਆਂ ਨਜ਼ਰਾਂ ਵਿਚ ਪ੍ਰਮਾਣਿਕ ਸਿੱਖ ਬਣਨ ਦਾ ਮੌਕਾ ਵੀ ਆ ਗਿਆ। ਭਾਈ ਮੰਝ ਜੀ ਨੇਮ ਮੁਤਾਬਿਕ ਅੱਜ ਚੱਕ ਰਾਮਦਾਸ (ਅੰਮ੍ਰਿਤਸਾਰ) ਤੋਂ ਪੂਰਬ ਕੋਣ ਦੋ ਕੁ ਮੀਲ ਦੀ ਵਿੱਥ ਤੇ ਪਿੰਡ ਚਾਟੀਵਿੰਡ ਦੀ ਜੂਹ ਚੋਂ ਗੁਰੂ ਕੇ ਲੰਗਰ ਵਾਸਤੇ ਲੱਕੜਾਂ ਲੈ ਕੇ ਆ ਰਹੇ ਸਨ ਕਿ ਕਾਲੀ-ਬੋਲ਼ੀ ਹਨ੍ਹੇਰੀ ਆ ਗਈ। ਲੱਕੜਾਂ ਦਾ ਭਾਰੀ ਗੱਠਾ, ਜੰਗਲ ਦਾ ਬਿਖੜਾ ਪੈਂਡਾ, ਬੇਓੜਕ ਹਨ੍ਹੇਰੀ। ਬੜੀ ਕਠਨ ਹੈ ਸੇਵਾ ਗੁਰੂ-ਘਰ ਦੀ। ਭਾਈ ਮੰਝ ਜੀ ਇਕ ਕਦਮ ਅੱਗੇ ਨੂੰ ਪੁੱਟਣ, ਤੇਜ਼-ਤੁੰਦ ਹਵਾ ਚਾਰ ਕਦਮ ਪਿੱਛੇ ਨੂੰ ਧੱਕ ਦੇਵੇ। ਕਦੇ ਐਸਾ ਵਰੋਲਾ ਆਵੇ ਜੋ ਕਿੰਨੇ ਕਿੰਨੇ ਕਦਮ ਸੱਜੇ ਜਾਂ ਖੱਬੇ ਲੈ ਜਾਵੇ। ਇਕ ਤਾਂ ਹਨ੍ਹੇਰੀ ਨਾਲ ਦਿਨੇ ਹੀ ਰਾਤ ਪੈ ਗਈ ਅਤੇ ਦੂਜਾ ਹਨ੍ਹੇਰੀ ਦਾ ਘੱਟਾ ਮਿੱਟੀ ਅੱਖਾਂ ਨਾ ਖੋਲ੍ਹਣ ਦੇਵੇ। ਬਚਾਅ ਵਾਸਤੇ ਕਿਸੇ ਰੁੱਖ ਜਾਂ ਝਾੜ ਦਾ ਆਸਰਾ ਤੱਕ ਬੈਠ ਜਾਣ ਨਾਲ ਗੁਰੂ ਕੇ ਲੰਗਰ ਵਿਚ ਲੱਕੜਾਂ ਪੁਚਾਉਣ ਵਿਚ ਦੇਰੀ ਹੋ ਜਾਣੀ ਸੀ। ਫੇਰ ਮੇਘੇ (clouds) ਦਾ ਕੀ ਪਤਾ, ਕਦੋਂ ਛਹਿਬਰ (rain) ਲਾ ਦੇਵੇ ਤੇ ਬਾਲਣ ਭਿੱਜ ਜਾਵੇ। ਭਾਈ ਮੰਝ ਜੀ ਸਿਰੜ ਤੇ ਸਿਦਕ (faith) ਨਾਲ ਗੁਰੂ ਆਸਰੇ ਗੁਰੂ ਕੇ ਚੱਕ ਦੀ ਸੇਧ ਰੱਖ ਡਾਂਡੇ-ਮੀਂਡੇ ਤੁਰੇ ਜਾ ਰਹੇ ਸਨ।

ਪਰਖ ਦੀ ਘੜੀ ਜਿਵੇਂ ਲੰਮੀ ਹੋ ਗਈ। ਘੁੱਟ ਕੇ ਥੋੜ੍ਹੀਆਂ ਜਿਹੀਆਂ ਅੱਖਾਂ ਖੋਲ੍ਹੀ ਤੇ ਅਤੀ ਕਠਨਾਈ ਨਾਲ ਤੁਰੇ ਜਾਂਦੇ ਭਾਈ ਮੰਝ ਜੀ ਨੂੰ ਸੁਲਤਾਨਵਿੰਡ ਪਿੰਡ ਦੇ ਲਾਗੇ ਖੂਹ ਦਾ ਪਤਾ ਨਾ ਲੱਗਾ ਅਤੇ ਉਹ ਲੱਕੜੀਆਂ ਦੇ ਗੱਠੇ ਸਮੇਤ ਉਸ ਵਿਚ ਜਾ ਪਏ। ਸੱਟਾਂ ਤਾਂ ਕੁਝ ਲੱਗੀਆਂ ਪਰ ਭਾਈ ਮੰਝ ਜੀ ਨੇ ਲੱਕੜੀਆਂ ਨੂੰ ਬੜੀ ਪਕਿਆਈ

ਨਾਲ ਸੰਭਾਲੀ ਰੱਖਿਆ ਅਤੇ ਖੂਹ ਵਿਚਲੇ ਲੱਕ ਲੱਕ ਪਾਣੀ ਵਿਚ ਭਿਜਣੋਂ ਬਚਾਈ ਰੱਖਿਆ। ਆਪ ਨੂੰ ਅਜੇ ਵੀ ਇਹੋ ਇਕੋ ਚਿੰਤਾ ਲੱਗ ਰਹੀ ਸੀ ਕਿ ਮਤਾਂ ਬਾਹਲੀ ਦੇਰ ਹੋ ਜਾਵੇ, ਜਾਂ ਫਿਰ ਕਣੀਆਂ ਪੈਣ ਲੱਗ ਪੈਣ ਤੇ ਲੱਕੜਾਂ ਭਿੱਜ ਜਾਣ ਜਿਸ ਕਰਕੇ ਗੁਰੂ ਕੇ ਲੰਗਰ ਤਿਆਰ ਹੋਣ ਵਿਚ ਵਿਗਨ ਪੈ ਜਾਵੇ। ਮਜ਼ਬੂਰੀ ਵੱਸ ਉਹ ਗੱਠਾ ਸਿਰ ਤੇ ਚੁੱਕੀ ਖੜ੍ਹੇ ਖਲੋਤੇ ਗੁਰੂ-ਚਰਨਾਂ ਨਾਲ ਜੁੜ ਗਏ। ਉੱਚੀ ਦੇਣੀ "ਧੰਨ ਗੁਰੂ ਅਰਜਨ ਦੇਵ ਜੀ" ਬੋਲਦੇ, ਕਦੀ ਵਾਹਿਗੁਰੂ ਗੁਰਮੰਤਰ ਜਪਦੇ, ਕਦੀ ਕੰਠ ਬਾਣੀ ਪੜ੍ਹਨ ਲੱਗਦੇ।

ਫਿਰ ਕੀ ਸੀ, ਸਿੱਖ ਦੀ ਯਾਦ ਨੇ ਤਾਰ ਖੜਕਾ ਦਿੱਤੀ। ਗੁਰੂ ਅਰਜਨ ਦੇਵ ਜੀ ਇਕਾਂਤ ਵਿਚ ਬੈਠੇ ਸਨ ਕਿ ਪਰੇਮ-ਡੋਰ ਦੇ ਖਿੱਚੇ ਇਕ ਦਮ ਉਠ ਬੈਠੇ। ਸੇਵਕ ਨੂੰ ਹੁਕਮ ਕੀਤੋ ਨੇ, "ਇਕ ਲੰਮਾ ਰੱਸਾ ਲੈ ਕੇ ਸਾਡੇ ਮਗਰ ਆਓ। ਸਿੱਖ ਖੂਹ ਵਿਚ ਡਿੱਗ ਪਿਆ ਹੈ, ਉਸ ਨੂੰ ਕੱਢਣਾ ਹੈ।" ਕਾਹਲੀ ਵਿਚ ਗੁਰੂ ਜੀ ਨੇ ਜੋੜਾ ਵੀ ਨਾ ਪਾਇਆ। ਗੁਰੂ ਤੇ ਸਿੱਖ ਦੀ ਪ੍ਰੇਮ-ਖਿੱਚ ਦੇਖੋ! ਦੋ ਜਹਾਨਾਂ ਦੇ ਵਾਲੀ ਨੰਗੇ ਪੈਰੀਂ ਜੰਗਲ ਦੀਆਂ ਕੰਡਿਆਲੀਆਂ ਡੰਡੀਆਂ ਤੇ ਵਾਹੋ-ਦਾਹੀ ਭੱਜੇ ਜਾ ਰਹੇ ਹਨ। ਪਿੱਛੇ ਰੱਸਾ ਲੈ ਕੇ ਸੇਵਕ ਭੱਜਦਾ ਜਾ ਰਿਹਾ ਹੈ ਅਤੇ ਉਸ ਦੇ ਪਿੱਛੇ ਜਿਉਂ ਜਿਉਂ ਸਿੱਖ ਸੰਗਤ ਸੁਣਦੀ, ਦੌੜੀ ਜਾ ਰਹੀ ਹੈ।

ਹਨ੍ਹੇਰੀ ਕਾਫ਼ੀ ਥੰਮ੍ਹ ਚੁਕੀ ਸੀ। ਗੁਰੂ ਅਰਜਨ ਦੇਵ ਜੀ ਉਥੇ ਆਣ ਪੁੱਜੇ ਜਿਥੇ ਭਾਈ ਮੰਝ ਜੀ ਖੂਹ ਵਿਚ ਡਿੱਗੇ ਉੱਚੀ-ਉੱਚੀ "ਧੰਨ ਗੁਰੂ ਅਰਜਨ ਦੇਵ, ਸਤਿ ਕਰਤਾਰ, ਸਤਿਨਾਮ ਵਾਹਿਗੁਰੂ" ਪੁਕਾਰ ਰਹੇ ਸਨ। ਸਿੱਖ ਸੰਗਤ ਭਾਈ ਮੰਝ ਜੀ ਨੂੰ ਚੋਖੇ ਡੂੰਘੇ ਪਾਣੀ ਵਿਚ ਸਿਰ ਤੇ ਭਾਰੀ ਲੱਕੜਾਂ ਚੁੱਕੀ ਖਲੋਤੇ ਵੇਖ, ਹੈਰਾਨ ਰਹਿ ਗਈ। ਹਰ ਪਾਸਿਓਂ ਧੰਨ ਸਿੱਖ ਤੇ ਧੰਨ ਸਿੱਖੀ ਦੀ ਆਵਾਜ਼ ਆ ਰਹੀ ਸੀ।

"ਭਾਈ ਮੰਝ, ਘਬਰਾਓ ਨਾ। ਅਸੀਂ ਆ ਪੁੱਜੇ ਹਾਂ। ਲਓ! ਰੱਸਾ ਆਇਆ ਜੇ! ਇਸ ਨੂੰ ਫੜ ਕੇ ਬਾਹਰ ਨਿਕਲ ਆਓ।" ਗੁਰੂ ਜੀ ਨੇ ਉੱਚੀ ਦੇਣੀ ਆਵਾਜ਼ ਦਿੰਦੀ।

ਭਾਈ ਮੰਝ ਜੀ ਨੇ ਸਤਿਗੁਰੂ ਜੀ ਦੀ ਆਵਾਜ਼ ਪਛਾਣ ਲਈ। ਭਰੇ ਗੱਚ ਨਾਲ ਬੋਲੇ, "ਸਤਿਗੁਰੂ ਜੀ! ਆਪ ਨੇ ਏਨੀ ਖੇਚਲ ਕਿਉਂ ਕੀਤੀ? ਕਿਸੇ ਸਿੱਖ ਨੂੰ ਭੇਜ ਦਿੰਦੇ!"

"ਭਾਈ ਮੰਝ! ਪਹਿਲੇ ਲੱਕੜਾਂ ਸੁੱਟ ਬਾਹਰ ਆ ਜਾਓ।" ਗੁਰੂ ਜੀ ਦਾ ਪ੍ਰੇਮ ਭਿੱਜਾ ਉੱਤਰ ਸੀ।

"ਨਾ ਮੇਰੇ ਸਤਿਗੁਰ ਜੀ! ਲੱਕੜਾਂ ਗਿੱਲੀਆਂ ਹੋ ਜਾਣਗੀਆਂ। ਆਪ ਜੀ ਦੀ ਕਿਰਪਾ ਸਦਕਾ ਮੈਂ ਤਾਂ ਠੀਕ ਹਾਂ। ਆਪ ਜੀ ਪਹਿਲੋਂ ਲੱਕੜਾਂ ਕਢਾਓ। ਗੱਠਾ ਮੈਂ ਲੱਜ ਨਾਲ ਬੰਨ੍ਹ ਦਿੱਤਾ ਹੈ। ਉੱਪਰ ਖਿਚਵਾ ਲਓ।" ਭਾਈ ਮੰਝ ਜੀ ਨੇ ਅਤੀ ਅਧੀਨਗੀ ਸਹਿਤ ਤਰਲੇ ਭਰੀ ਆਵਾਜ਼ ਵਿਚ ਬੇਨਤੀ ਕੀਤੀ।

ਧੰਨ ਭਾਈ ਮੰਝ! ਕਿੰਨੇ ਚਿਰ ਦਾ ਸਿਰ ਤੇ ਭਾਰ ਚੁੱਕੀ ਪਾਣੀ ਵਿਚ ਖਲੋਤਾ ਹੈਂ! ਭਾਰ ਦੀ ਪਰਵਾਹ ਨਹੀਂ। ਅਜੇ ਵੀ ਲੱਕੜਾਂ ਨਹੀਂ ਭਿੱਜਣ ਦੇਣੀਆਂ ਲੋਚਦਾ।

ਸਤਿਗੁਰੂ ਜੀ ਦੇ ਹੁਕਮ ਨਾਲ ਪਹਿਲੋਂ ਲੱਕੜਾਂ ਕੱਢੀਆਂ ਗਈਆਂ, ਫਿਰ ਭਾਈ ਮੰਝ ਜੀ ਬਾਹਰ ਨਿਕਲੇ। ਬਾਹਰ ਆਉਂਦਿਆਂ ਹੀ ਸਤਿਗੁਰਾਂ ਦੇ ਚਰਨਾਂ ਤੇ ਡਿੱਗ ਪਏ। ਗੱਚ (throat) ਭਰ ਗਿਆ। ਅੱਖਾਂ ਦੇ ਨੀਰ ਨਾਲ ਗੁਰੂ ਜੀ ਦੇ ਚਰਨ ਧੋ ਦਿੱਤੇ। ਸਤਿਗੁਰਾਂ ਨੇ ਵੀ ਇਸ ਵੇਲੇ ਪਿਆਰ ਦੀ ਹੱਦ ਕਰ ਦਿੱਤੀ। ਉਸੇ ਤਰ੍ਹਾਂ ਭਿੱਜੇ, ਲਿੱਬੜੇ ਸਿੱਖ ਨੂੰ ਗਲਵਕੜੀ ਵਿਚ ਲੈ ਕੇ ਛਾਤੀ ਨਾਲ ਲਾ ਲਿਆ ਅਤੇ ਮਿਹਰਾਂ ਦੇ ਘਰ ਵਿਚ ਆਏ। ਬਚਨ ਕੀਤਾ:

ਮੰਝ ਪਿਆਰਾ ਗੁਰੂ ਨੂੰ ਗੁਰ ਮੰਝ ਪਿਆਰਾ।
ਮੰਝ ਗੁਰੂ ਕਾ ਬੋਹਿਥਾ, ਜੱਗ ਲੰਘਣ ਹਾਰਾ।

(ਇਹ ਦੋ ਤੁਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਹਨ।)

ਸਤਿਗੁਰੂ ਜੀ ਦੀਆਂ ਬਖ਼ਸ਼ਿਸ਼ਾਂ ਹੋ ਗਈਆਂ। ਗੁਰਸਿੱਖ ਨਿਹਾਲ, ਨਿਹਾਲ ਹੋ ਗਿਆ। ਉਸ ਦੀ ਘਾਲ ਥਾਇ ਪਈ।

ਸਤਿਗੁਰੂ ਜੀ ਨੇ ਭਾਈ ਮੰਝ ਜੀ ਨੂੰ ਪਰੀਖਿਆ ਵਿਚੋਂ ਪੂਰੇ ਉਤਰਨ ਪਿੱਛੋਂ ਦੁਆਬੇ ਦਾ ਪ੍ਰਚਾਰਕ ਥਾਪਿਆ। ਇਸ ਮਹਾਨ ਗੁਰਸਿੱਖ ਨੇ ਦੇਗ ਦੇ ਨਾਲ ਨਾਮ ਦਾ ਵੀ ਲੰਗਰ ਲਾ ਕੇ ਲੋਕਾਈ ਦੇ ਸੁੱਤੇ ਭਾਗ ਜਗਾਏ। ਦੂਰ ਦੂਰ ਤਕ ਲੋਕਾਂ ਨੂੰ ਸਖੀ ਸਰਵਰ ਦੀਆਂ ਕਬਰਾਂ ਪੂਜਣ ਤੋਂ ਹੋੜ ਕੇ ਗੁਰਸਿੱਖੀ ਦੇ ਸੱਚੇ ਸਿੱਧ-ਪੱਧਰੇ ਮਾਰਗ ਪਾਇਆ। ਸ਼ਰੀਕੇ ਭਾਈਚਾਰੇ ਅਤੇ ਇਲਾਕੇ ਦੇ ਲੋਕਾਂ ਤੇ ਭਾਈ ਜੀ ਦੇ ਸਿਦਕ ਤੇ ਸਿਰੜ ਦਾ ਬੜਾ ਪ੍ਰਭਾਵ ਪਿਆ। ਸਾਰੇ ਹੀ ਨਗਰਵਾਲੇ ਪੀਰ ਨੂੰ ਤਿਆਗ ਭਾਈ ਮੰਝ ਜੀ ਦੇ ਮਗਰ ਲੱਗ ਤੁਰੇ। ਉਨ੍ਹਾਂ ਦੇ ਘਰ ਜਿਥੇ ਅੱਗੇ ਢੋਲ ਵੱਜਦਾ ਸੀ, ਰੋਟ ਪੱਕਦਾ ਸੀ, ਸਖੀ ਸਰਵਰ ਦੇ ਗੀਤ ਗਾਏ ਜਾਂਦੇ ਸਨ, ਉਥੇ ਹੁਣ ਗੁਰਸਿੱਖਾਂ ਦੇ ਜੋੜ-ਮੇਲੇ ਹੋਣ ਲੱਗੇ, ਗੁਰਬਾਣੀ ਦੇ ਉਚਾਰਨ ਅਤੇ ਸ਼ਬਦ ਕੀਰਤਨ ਦੇ ਆਵਾਜ਼ੇ ਆਉਣ ਲੱਗੇ।

ਭਾਈ ਮੰਝ ਜੀ ਦੇ ਸ਼ਰੀਕੇ ਦਾ ਸਾਕਤ ਪੁਰਸ਼ ਜਿਸ ਨੂੰ ਉਨ੍ਹਾਂ ੨੧ ਰੁਪਇਆਂ ਬਦਲੇ ਆਪਣੀ ਲੜਕੀ ਸੌਂਪ ਦਿੱਤੀ ਸੀ, ਸ਼ਰਮਿੰਦਾ ਹੋਇਆ ਭਾਈ ਜੀ ਦੇ ਚਰਨੀਂ ਆਣ ਲੱਗਾ। ਉਹ ਅਤੇ ਉਸ ਦਾ ਪਰਵਾਰ ਉਸ ਲੜਕੀ ਦੇ ਸਦ-ਗੁਣਾਂ ਕਰਕੇ ਗੁਰਸਿੱਖੀ ਦਾ ਧਾਰਨੀ ਹੋ ਗਿਆ। ਪਿੰਡ ਦਾ ਬਾਣੀਆ ਵੀ ਆਪਣੀ ਭੁੱਲ ਬਖਸ਼ਾ, ਭਾਈ ਜੀ ਦੀ ਪਤਨੀ ਨੂੰ ਉਨ੍ਹਾਂ ਦੇ ਘਰ ਛੱਡ ਗਿਆ।

ਸੰਮਤ ੧੬੫੧ ਤਥਾ ੧੫੯੪ ਈਸਵੀ (1594 A.D.) ਵਿਚ ਸਤਿਗੁਰੂ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਿੰਡ ਕੰਗਮਾਈ ਚਰਨ ਪਾ ਕੇ ਇਸ ਨੂੰ ਪਵਿੱਤਰ ਕੀਤਾ, ਜਿਸ ਤੋਂ ਭਾਈ ਮੰਝ ਜੀ ਨੇ ਵੀ ਆਪਣੀ ਸੇਵਾ ਸਫਲ ਜਾਣੀ। ਭਾਈ ਮੰਝ ਜੀ ਦੀ ਯਾਦਗਾਰ ਇਸ ਥਾਂ ਹੈ ਅਤੇ ਇਥੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਗੁਰਦੁਆਰਾ ਸਾਹਿਬ ਸਸ਼ੋਭਿਤ ਹੈ। ਕਿਸੇ ਸਮੇਂ ਪਿੰਡ ਮਾਛੀਆਂ, ਗੂੰਥਪੁਰ ਤੇ ਕੰਗ ਦੀ ਸਾਰੀ ਜ਼ਮੀਨ ਇਸ ਗੁਰਦੁਆਰੇ ਦੇ ਨਾਂ ਸੀ, ਪਰ ਹੁਣ ਕੋਈ ਜ਼ਮੀਨ-ਜਾਗੀਰ ਨਹੀਂ ਹੈ। ਕੇਵਲ ਸਾਧ ਸੰਗਤ ਦੇ ਚੜ੍ਹਾਵੇ ਨਾਲ ਲੰਗਰ ਚਲਦਾ ਹੈ। ਇਸ ਇਲਾਕੇ ਦੇ ਲੋਕ ਬਹੁਤ ਪ੍ਰੇਮ ਨਾਲ ਦਰਸ਼ਨ ਕਰਨ ਆਉਂਦੇ ਹਨ। ਹਰ ਸੰਗਰਾਂਦ ਨੂੰ ਜੋੜ-ਮੇਲਾ ਹੁੰਦਾ ਹੈ। ਵੱਡਾ ਮੇਲਾ ਪਹਿਲੀ ਮਾਘ ਨੂੰ ਲੱਗਦਾ ਹੈ।

ਪਿੰਡ ਸੁਲਤਾਨਵਿੰਡ (ਅੰਮ੍ਰਿਤਸਰ) ਦੇ ਨਜ਼ਦੀਕ ਜਿਸ ਖੂਹ ਵਿਚ ਭਾਈ ਮੰਝ ਜੀ ਡਿੱਗੇ ਸਨ, ਉਥੇ ਹੁਣ ਬੜਾ ਸੁੰਦਰ ਗੁਰਦੁਆਰਾ ਹੈ ਜੋ "ਖੂਹ ਭਾਈ ਮੰਝ" ਦੇ ਨਾਂ ਨਾਲ ਪ੍ਰਸਿੱਧ ਹੈ। ਗੁਰੂ ਕਾ ਲੰਗਰ ਹਰ ਵੇਲੇ ਚਲਦਾ ਹੈ। ਇਥੇ ਹਰ ਸਾਲ ਅੱਸੂ ਦੀ ਪੂਰਨਮਾਸ਼ੀ ਨੂੰ ਬਹੁਤ ਮੇਲਾ ਭਰਦਾ ਹੈ।

## ੧੫. ਭਾਈ ਜੀਵਨ ਸਿੰਘ ਜੀ (ਭਾਈ ਜੈਤਾ ਜੀ)

ਭਾਈ ਜੈਤਾ ਜੀ (ਭਾਈ ਜੀਵਨ ਸਿੰਘ) ਦਾ ਜਨਮ ਗੁਰੂ-ਘਰ ਦੇ ਪ੍ਰੀਤਵਾਨ, ਗੁਰਸਿੱਖ-ਪਰਵਾਰ ਭਾਈ ਸਦਾ ਨੰਦ ਦੇ ਘਰ, ਮਾਤਾ ਪ੍ਰੇਮੋ ਦੀ ਕੁੱਖੋਂ ੫ ਅੱਸੂ, ੨ ਸਤੰਬਰ, ੧੬੬੧ ਈ: ਨੂੰ ਪਿੰਡ ਗੱਗੋਮਾਹਲ (ਰਮਦਾਸ) ਵਿਖੇ ਹੋਇਆ।

ਭਾਈ ਜੈਤਾ ਜੀ ਦੇ ਵਡੇਰਿਆਂ ਵਿਚ ਭਾਈ ਕਲਿਆਣ ਜੀ ਕੱਥੂਨੰਗਲ (ਬਾਬਾ ਬੁੱਢਾ ਜੀ ਦਾ ਪਿੰਡ) ਛੱਡ ਕੇ ਗੱਗੋਮਾਹਲ ਆ ਕੇ ਵੱਸ ਗਏ। ਭਾਈ ਕਲਿਆਣ ਜੀ ਦੇ ਪੁੱਤਰ ਸੁਖ ਭਾਨ ਹੋਏ ਤੇ ਸੁਖ ਭਾਨ ਦਾ ਪੁੱਤਰ ਜਸ ਭਾਨ ਹੋਇਆ। ਜਸ ਭਾਨ ਦੇ ਦੋ ਸਪੁੱਤਰ ਹੋਏ- ਭਾਈ ਆਗਿਆ ਜੀ ਤੇ ਭਾਈ ਸਦਾ ਨੰਦ ਜੀ। ਇਹ ਸਾਰਾ ਪਰਵਾਰ ਗੁਰਸਿੱਖੀ ਮਾਰਗ ਨਾਲ ਪੀੜ੍ਹੀ-ਦਰ-ਪੀੜ੍ਹੀ (generations) ਜੁੜਿਆ ਆ ਰਿਹਾ ਸੀ। ਇਸ ਤਰ੍ਹਾਂ ਭਾਈ ਸਦਾ ਨੰਦ ਨੂੰ ਗੁਰਸਿੱਖੀ, ਵਿਰਾਸਤ (inheritance) ਵਿਚੋਂ ਹੀ ਪ੍ਰਾਪਤ ਹੋਈ। ਭਾਈ ਸਦਾ ਨੰਦ ਜੀ ਤਾਂ ਸਨ ਹੀ ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ ਸਾਹਿਬ ਦੇ ਚਰਨ-ਕਮਲਾਂ ਦੇ ਭੌਰੇ।

ਭਾਈ ਸਦਾ ਨੰਦ ਦੀ ਸ਼ਾਦੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸ਼ਿਵ ਨਰਾਇਨ ਦੀ ਪੁੱਤਰੀ ਬੀਬੀ ਲਾਜਵੰਤੀ ਨਾਲ ਕਰਾਈ, ਜਿਨ੍ਹਾਂ ਨੂੰ ਮਾਤਾ ਗੁਜਰੀ ਜੀ ਪ੍ਰੇਮ ਨਾਲ ਪ੍ਰੇਮੋ ਕਹਿ ਕੇ ਬੁਲਾਉਂਦੇ ਤੇ ਬੀਬੀ ਲਾਜਵੰਤੀ ਦਾ ਇਹੀ ਨਾਮ ਪ੍ਰਚਲਤ ਹੋ ਗਿਆ। ਭਾਈ ਸੰਗਤ ਸਿੰਘ ਅਤੇ ਭਾਈ ਜੀਵਨ ਸਿੰਘ ਭਾਈ ਭਾਈ ਸਨ[੧]।" ਪ੍ਰਚਲਤ ਰਵਾਇਤ ਅਨੁਸਾਰ ਭਾਈ ਜੈਤਾ ਜੀ ਦਾ ਪਰਵਾਰ ਗੁਰੂ ਤੇਗ ਬਹਾਦਰ ਸਾਹਿਬ ਦੀਆਂ ਪ੍ਰਚਾਰ ਯਾਤਰਾਵਾਂ ਦਾ ਸੰਗੀ-ਸਾਥੀ ਰਿਹਾ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਮੂਲੋਵਾਲ, ਰਾਜੋ ਮਾਜਰਾ ਆਏ ਸਨ ਤੇ ਪਿੰਡ ਵਿਚ ਇਕ ਕੱਚੇ ਥੜ੍ਹੇ ਉਤੇ ਬੈਠੇ ਸਨ। ਉਨ੍ਹਾਂ ਦੇ ਨਾਲ ਸਨ ਭਾਈ ਮਤੀ ਦਾਸ, ਭਾਈ ਦਿਆਲਾ ਜੀ, ਭਾਈ ਸੁੱਖਾ ਨੰਦ ਤੇ ਭਾਈ ਜੈਤਾ, ਜਿਹੜਾ ਪਿੱਛੋਂ ਜੀਵਨ ਸਿੰਘ ਸਜ ਗਿਆ।[2] ਪੂਰਬ ਯਾਤਰਾ ਸਮੇਂ ਭਾਈ ਜੈਤਾ ਜੀ ਗੁਰੂ ਤੇਗ਼ ਬਹਾਦਰ ਸਾਹਿਬ ਦੇ ਨਾਲ ਸਨ[੩]। ਭਾਈ ਜੈਤਾ ਜੀ ਦੀ ਉਮਰ ਉਸ ਵੇਲੇ ਛੋਟੀ ਸੀ, ਇਸ ਕਰਕੇ ਭਾਈ ਜੈਤਾ ਜੀ ਦਾ ਸਾਰਾ ਪਰਵਾਰ, ਭਾਵ ਮਾਤਾ-ਪਿਤਾ ਵੀ ਪੂਰਬ ਯਾਤਰਾ ਵਿਚ ਸ਼ਾਮਲ ਸਨ। ਇਹ ਵੀ ਹੋ ਸਕਦਾ ਹੈ ਕਿ ਭਾਈ ਜੈਤਾ ਜੀ ਨੇ ਅਧਿਆਤਮਕ ਤੇ ਸੰਸਾਰਕ ਵਿੱਦਿਆ ਦਾ ਬੋਧ ਪਟਨਾ ਸਾਹਿਬ ਵਿਖੇ ਪ੍ਰਾਪਤ ਕੀਤਾ

[1] ਸ. ਸ਼ਮਸ਼ੇਰ ਸਿੰਘ ਅਸ਼ੋਕ

[2] ਡਾ. ਫੌਜਾ ਸਿੰਘ – ਗੁਰੂ ਤੇਗ ਬਹਾਦਰ-ਯਾਤਰਾ ਅਸਥਾਨ, ਪ੍ਰੰਪਰਾਵਾਂ ਤੇ ਯਾਦਾਂ ਦੇ ਪੰਨਾ ੮੯

[3] ਪ੍ਰਿੰ. ਸਤਿਬੀਰ ਸਿੰਘ – ਇਤਿ ਜਿਨਿ ਕਰੀ

ਹੋਵੇ। ਅੱਖਰ ਬੋਧ ਤੇ ਅਧਿਆਤਮਕ ਵਿੱਦਿਆ ਦੇ ਨਾਲ–ਨਾਲ ਉਸ ਸਮੇਂ ਗੁਰਸਿੱਖਾਂ ਲਈ ਸ਼ਸਤਰ ਵਿੱਦਿਆ, ਘੋੜ–ਸਵਾਰੀ, ਤੀਰ–ਅੰਦਾਜ਼ੀ ਤੇ ਖਾਸ ਕਰਕੇ ਤਲਵਾਰਬਾਜ਼ੀ ਸਿੱਖਣੀ ਲਾਜ਼ਮੀ ਸੀ। ਫਿਰ ਭਾਈ ਜੈਤਾ ਜੀ ਗੁਰੂ–ਪਰਵਾਰ ਦੀ ਨਿਕਟਤਾ ਵਿਚ ਪਲੇ–ਪੋਸੇ ਤੇ ਜਵਾਨ ਹੋਏ। ਇਹੀ ਕਾਰਨ ਹੈ ਕਿ ਜਿਥੇ ਗੁਰੂ–ਘਰ ਪ੍ਰਤੀ ਉਨ੍ਹਾਂ ਦੀ ਅਥਾਹ ਸ਼ਰਧਾ–ਸਤਕਾਰ ਸੀ, ਉਥੇ ਉਹ ਵੀਰ ਯੋਧੇ, ਨਿਡਰ ਸੈਨਿਕ ਤੇ ਸਿਰਲੱਥ ਸੂਰਮੇ ਵੀ ਸਨ।

ਪੂਰਬ ਦੇਸ਼ ਦੀ ਯਾਤਰਾ ਉਪਰੰਤ ਗੁਰੂ ਤੇਗ ਬਹਾਦਰ ਸਾਹਿਬ ਦੇ ਪਰਵਾਰ ਨਾਲ ਇਹ ਗੁਰਸਿੱਖ ਪਰਵਾਰ ਵੀ ਅਨੰਦਪੁਰ ਸਾਹਿਬ ਦੀ ਪਾਵਨ ਧਰਤ ਤੇ ਆ ਕੇ ਵੱਸ ਗਿਆ।

ਗੁਰੂ–ਘਰ ਦੇ ਅਨਿੰਨ ਸ਼ਰਧਾਲੂ ਹੋਣ ਅਤੇ ਭਾਈ ਸਦਾ ਨੰਦ ਦੀ ਸੁਯੋਗ ਅਗਵਾਈ ਸਦਕਾ ਭਾਈ ਜੈਤਾ ਜੀ ਜਲਦੀ ਹੀ, ਯੁੱਧ ਵਿਚ ਵਰਤੇ ਜਾਣ ਵਾਲੇ ਸਾਰੇ ਹਥਿਆਰਾਂ ਨੂੰ ਨਿਪੁੰਨਤਾ ਸਹਿਤ ਵਰਤਣ ਦੇ ਯੋਗ ਹੋ ਗਏ ਸਨ। ਭਾਈ ਜੈਤਾ ਜੀ ਨੂੰ ਘੋੜ–ਸਵਾਰੀ, ਨੇਜ਼ਾਬਾਜ਼ੀ, ਤਲਵਾਰਬਾਜ਼ੀ ਦੀ ਕੇਵਲ ਮੁਹਾਰਤ ਹੀ ਹਾਸਲ ਨਹੀਂ ਸੀ, ਸਗੋਂ ਉਨ੍ਹਾਂ ਪਾਸ ਤਾਂ ਤਲਵਾਰਬਾਜ਼ੀ ਦਾ ਵਿਲੱਖਣ ਹੁਨਰ ਸੀ। ਉਹ ਦੋਨੋਂ ਹੱਥਾਂ ਨਾਲ ਬਰਾਬਰ ਤਲਵਾਰਬਾਜ਼ੀ ਦੇ ਕਰਤਬ ਵਿਖਾ ਸਕਦੇ ਸਨ। ਤਲਵਾਰ ਦੇ ਧਨੀ ਹੋਣ ਦੇ ਨਾਲ ਨਾਲ ਭਾਈ ਸਾਹਿਬ ਨਿਪੁੰਨ ਨਿਸ਼ਾਨਚੀ ਵੀ ਸਨ। ਭਾਈ ਜੈਤਾ ਜੀ (ਭਾਈ ਜੀਵਨ ਸਿੰਘ ਜੀ) ਨਿਪੁੰਨ ਨਿਸ਼ਾਨਚੀ ਸਨ[4]। ਭਾਈ ਜੈਤਾ ਜੀ ਨੂੰ ਗੁਰਦੇਵ ਦੇ ਦਰਸ਼ਨ ਕਰਨ ਤੇ ਦੀਵਾਨ ਵਿਚ ਨਾਮ–ਬਾਣੀ ਸੁਣਨ ਦੀ ਇੱਛਾ ਇਤਨੀ ਪ੍ਰਬਲ ਹੁੰਦੀ ਸੀ ਕਿ ਰੋਟੀ–ਪਾਣੀ ਦੀ ਪਰਵਾਹ ਵੀ ਨਾ ਹੁੰਦੀ[5]।

ਉਸ ਸਮੇਂ ਮੁਗਲ ਹਕੂਮਤ ਵੱਲੋਂ ਲੋਕਾਈ ਨੂੰ ਜਬਰਦਸਤੀ ਮੁਸਲਮਾਨ ਬਣਾਇਆ ਜਾ ਰਿਹਾ ਸੀ। ਗ਼ੈਰ–ਮੁਸਲਮਾਨ ਲਈ ਸਰਕਾਰੀ ਕਾਰੋਬਾਰ ਤੇ ਨੌਕਰੀਆਂ ਬੰਦ ਕਰ ਦਿੱਤੀਆਂ ਗਈਆਂ ਸਨ। ਵਿਚਾਰਾ ਗਰੀਬ, ਹਿੰਦੂ ਸਮਾਜ ਧਾਰਮਿਕ–ਸਮਾਜਿਕ ਬੰਧਨਾਂ ਦੇ ਬੋਝ ਥੱਲੇ ਦੱਬਿਆ ਹੋਇਆ ਸੀ। ਮੰਦਰ ਢਾਹੇ ਜਾ ਰਹੇ ਸਨ ਤੇ ਮਸਜਿਦਾਂ ਦੀ ਉਸਾਰੀ ਹੋ ਰਹੀ ਸੀ। ਗ਼ੈਰ–ਮੁਸਲਮਾਨਾਂ ਪਾਸ ਦੋ ਹੀ ਰਸਤੇ ਸਨ— ਜਾਂ ਦੀਨ ਕਾਇਮ ਰੱਖਦਿਆਂ ਮੌਤ ਨੂੰ ਗਲਵਕੜੀ ਪਾਉਂਦੇ ਜਾਂ ਫਿਰ ਦੀਨ ਗੁਆ, ਮੁਸਲਮਾਨ

[4] 'ਜੀਵਨ ਸਿੰਘ ਰੰਘਰੇਟੜੋ, ਬੰਦੂਕੀ ਖੂਬ ਅਖਵਾਇ' ਭਾਈ ਰਤਨ ਸਿੰਘ (ਭੰਗੂ)– ਪ੍ਰਾਚੀਨ ਪੰਥ ਪ੍ਰਕਾਸ਼

[5] ਡਾ. ਭਜਨ ਸਿੰਘ – ਪ੍ਰਮੁੱਖ ਸਿੱਖ ਸ਼ਖ਼ਸੀਅਤਾਂ, ਪੰਨਾ ੬੩

ਹੋਣਾ ਸਵੀਕਾਰ ਕਰਦੇ। ਅਹਿੰਸਾ-ਪਰਮੋ ਧਰਮ ਦੇ ਉਪਾਸ਼ਕ ਮੌਤ ਨੂੰ ਤਾਂ ਕਿਸੇ ਤਰ੍ਹਾਂ ਵੀ ਪ੍ਰਵਾਨ ਕਰਨ ਦੇ ਸਮਰੱਥ ਨਹੀਂ ਹੋ ਸਕਦੇ ਸਨ।

ਇਸ ਤਰ੍ਹਾਂ ਹਾਲਾਤ ਬਹੁਤ ਹੀ ਤਰਸਯੋਗ ਬਣੇ ਹੋਏ ਸਨ। ਹਜ਼ਾਰਾਂ ਹਿੰਦੂਆਂ ਦੇ ਜੰਞੂ ਹਰ ਆਏ ਦਿਨ ਲਾਹੇ ਜਾ ਰਹੇ ਸਨ। ਜੀਵਨ ਨੂੰ ਪਿਆਰ ਕਰਨ ਵਾਲੇ, ਆਪਣਾ ਦੀਨ ਗਵਾ ਕੇ ਇਸਲਾਮ ਕਬੂਲ ਕਰ ਰਹੇ ਸਨ। ਔਰੰਗਸ਼ਾਹੀ ਦੀ ਇਸ ਇਕਪਾਸੜ (one sided) ਨੀਤੀ ਨੇ ਸਮੁੱਚੇ ਦੇਸ਼ ਵਿਚ ਜਬਰ-ਜ਼ੁਲਮ ਦੇ ਭਾਂਬੜ ਬਾਲ ਦਿੱਤੇ। ਹਕੂਮਤ ਦੀ ਇਸ ਤਬਾਹਕੁਨ ਨੀਤੀ ਦਾ ਬਹੁਤਾ ਅਸਰ ਪਹਿਲਾਂ ਕਸ਼ਮੀਰ ਉੱਤੇ ਹੋਇਆ ਤੇ ਕਸ਼ਮੀਰੀ ਪੰਡਿਤ ਜਬਰ-ਜ਼ੁਲਮ ਦਾ ਟਾਕਰਾ ਕਰਨ ਦੀ ਹਿੰਮਤ ਨਾ ਕਰ ਸਕੇ। ਅਖ਼ੀਰ ਅਜਿਹੀ ਦੁਖਦਾਈ ਸਥਿਤੀ ਵਿਚ ਵਿਚਾਰੇ ਕਸ਼ਮੀਰੀ ਪੰਡਤਾਂ ਦਾ ਵਫ਼ਦ (group) ਪੰਡਤ ਕ੍ਰਿਪਾ ਰਾਮ ਦੀ ਅਗਵਾਈ ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਦੇ ਚਰਨਾਂ ਵਿਚ ਅਨੰਦਪੁਰ ਆ ਫ਼ਰਿਆਦੀ ਹੋਇਆ।

[੬]ਪੰਡਤਾਂ ਦੀ ਫ਼ਰਿਆਦ ਸੁਣ ਕੇ, ਭਰੀ ਸੰਗਤ ਵਿਚ ਸਾਹਿਬਜ਼ਾਦੇ ਗੋਬਿੰਦ ਰਾਏ ਜੀ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੇ ਕਿਹਾ, "ਗੁਰਦੇਵ ਪਿਤਾ! ਮੈਂ ਸਭ ਕੁਝ ਸਹਿ ਸਕਦਾ ਹਾਂ, ਪਰ ਸਤਾਇਆਂ ਹੋਇਆਂ ਦੀਆਂ ਅੱਖਾਂ ਵਿਚ ਛਲ੍ਹਕਦੇ ਹੰਝੂ ਮੈਥੋਂ ਨਹੀਂ ਸਹਾਰੇ ਜਾਂਦੇ। ਕੋਈ ਉਪਾਅ ਦੱਸੋ, ਜਿਵੇਂ ਦੁਖੀਆਂ ਦਾ ਕਲਿਆਣ ਹੋ ਸਕੇ।"

"ਮੇਰੇ ਲਾਲ ਗੋਬਿੰਦ !" ਗੁਰੂ ਤੇਗ ਬਹਾਦਰ ਸਾਹਿਬ ਬੜੇ ਧੀਰਜ ਨਾਲ ਬੋਲੇ,"ਜਿਵੇਂ ਕਮਜ਼ੋਰ ਹੋ ਚੁਕੇ ਸਰੀਰ ਨੂੰ ਖ਼ੂਨ ਦੀ ਲੋੜ ਹੁੰਦੀ ਹੈ, ਉਸੇ ਤਰ੍ਹਾਂ ਨਿਤਾਣੀ ਹੋ ਚੁਕੀ ਕੌਮ ਨੂੰ ਨਵੇਂ ਸਿਰਿਓਂ ਸੁਰਜੀਤ ਕਰਨ ਵਾਸਤੇ ਕਿਸੇ ਮਹਾਨ ਪੁਰਸ਼ ਦੀ ਕੁਰਬਾਨੀ ਦੀ ਲੋੜ ਹੁੰਦੀ ਹੈ। ਕੋਈ ਮਹਾਨ ਤਪੱਸਵੀ ਇਨ੍ਹਾਂ ਦੀ ਥਾਂ ਕੁਰਬਾਨੀ ਦੇਵੇ, ਤਾਂ ਇਨ੍ਹਾਂ ਦਾ ਧਰਮ ਬਚ ਸਕਦਾ ਹੈ। ਹੋਰ ਕੋਈ ਰਸਤਾ ਨਹੀਂ।"

"ਗੁਰਦੇਵ ਪਿਤਾ !" ਸਾਹਿਬਜ਼ਾਦੇ ਨੇ ਬੜੀ ਗੰਭੀਰ ਸੁਰ ਵਿਚ ਕਿਹਾ, "ਇਹ ਨਿਤਾਣੇ, ਗੁਰੂ ਨਾਨਕ ਦੀ ਸ਼ਰਨ ਆਏ ਹਨ। ਇਨ੍ਹਾਂ ਦਾ ਪਾਰ-ਉਤਾਰਾ ਇਸ ਮਹਾਨ ਗੱਦੀ ਦੇ ਮਾਲਕ ਨੂੰ ਹੀ ਕਰਨਾ ਪਵੇਗਾ। ਜੇ ਕੁਰਬਾਨੀ ਦਿੱਤਿਆਂ ਇਨ੍ਹਾਂ ਦਾ ਧਰਮ ਬਚਦਾ ਹੈ ਤਾਂ ਇਹ ਕੁਰਬਾਨੀ ਆਪ ਜੀ ਨੂੰ ਕਰਨੀ ਸੋਭਦੀ ਹੈ। ਹਜ਼ੂਰ ਨਾਲੋਂ ਮਹਾਨ ਤਪੱਸਵੀ ਹੋਰ ਕੌਣ ਹੈ ?"

[6] ਗਿਆਨੀ ਸੋਹਣ ਸਿੰਘ ਸੀਤਲ

ਇਹ ਸੀ ਗੋਬਿੰਦ ਰਾਏ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਦੀ ਪਹਿਲੀ ਕੁਰਬਾਨੀ, ਜਿਸ ਦੀ ਮਿਸਾਲ ਵਿਸ਼ਵ–ਇਤਿਹਾਸ ਵਿਚ ਮਿਲਣੀ ਮੁਸ਼ਕਿਲ ਹੈ ਕਿ ਬੇਗਾਨਿਆਂ ਦੇ ਧਰਮ ਦੀ ਰਖਿਆ ਲਈ ਪਿਤਾ ਨੂੰ ਕੁਰਬਾਨ ਹੋਣ ਲਈ ਤੋਰਨਾ ! ਗੁਰੂ ਤੇਗ ਬਹਾਦਰ ਸਾਹਿਬ ਹਰ ਪਾਸਿਓਂ ਨਿਸਚਿੰਤ ਹੋ ਗਏ। ਗੁਰਿਆਈ ਦੀ ਮਹਾਨ ਜ਼ਿੰਮੇਵਾਰੀ ਗੋਬਿੰਦ ਰਾਇ ਨੂੰ ਸੌਂਪ ਕੇ ਆਪ ਦਿੱਲੀ ਨੂੰ ਰਵਾਨਾ ਹੋ ਗਏ। ਗੁਰੂ ਸਾਹਿਬ ਜੀ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ, ਭਾਈ ਗੁਰਦਿੱਤਾ ਜੀ ਅਤੇ ਭਾਈ ਊਦੋ ਨੂੰ ਸਾਥ ਲੈ, ਰਸਤੇ ਵਿਚ ਸੰਗਤਾਂ ਨੂੰ ਨਾਨਕ ਨਿਰਮਲ ਪੰਥ ਦਾ ਉਪਦੇਸ਼ ਦੇਂਦੇ ਹੋਏ ਦਿੱਲੀ ਪਹੁੰਚੇ। ਭਾਈ ਜੈਤਾ ਜੀ ਪਹਿਲਾਂ ਹੀ ਦਿੱਲੀ ਪਹੁੰਚ ਚੁਕੇ ਸਨ।

ਗ੍ਰਿਫਤਾਰੀ ਉਪਰੰਤ ਬਾਦਸ਼ਾਹੀ ਹੁਕਮ ਹੋਇਆ ਕਿ ਜੇਕਰ ਗੁਰੂ ਜੀ ਸੱਚੇ ਪਾਤਸ਼ਾਹ ਭਾਵ ਪੈਗੰਬਰ ਹਨ ਤਾਂ ਕਰਾਮਾਤ ਦਿਖਾਉਣ, ਨਹੀਂ ਤਾਂ ਇਸਲਾਮ ਕਬੂਲ ਕਰ ਲੈਣ, ਜਾਂ ਫਿਰ ਮੌਤ ਕਬੂਲ ਕਰਨ। ਗੁਰਦੇਵ ਨੇ ਪਹਿਲੀਆਂ ਦੋਹਾਂ ਬਾਦਸ਼ਾਹੀ ਤਜਵੀਜ਼ਾਂ (offer) ਨੂੰ ਮੰਨਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਭਿਆਨਕ ਮੌਤ ਦਾ ਖ਼ੌਫ ਪੈਦਾ ਕਰਨ ਲਈ ਪਹਿਲਾਂ ਨਿਰਦਈ ਹਾਕਮਾਂ ਨੇ ਗੁਰੂ ਤੇਗ ਬਹਾਦਰ ਸਾਹਿਬ ਦੇ ਸਨਮੁਖ ਗੁਰੂ–ਘਰ ਦੇ ਪ੍ਰੀਤਵਾਨ ਗੁਰਸਿੱਖ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਨੂੰ ਅਨੇਕਾਂ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਪਰ ਨਿਰਭਉ–ਨਿਰਵੈਰ ਦੇ ਉਪਾਸ਼ਕ ਸਤਿਗੁਰੂ ਨੂੰ ਜੇਕਰ ਸੰਸਾਰਕ ਤਸੀਹਿਆਂ–ਡਰਾਵਿਆਂ ਦਾ ਡਰ ਹੁੰਦਾ, ਤਦ ਉਹ ਕਾਤਲ ਪਾਸ ਖੁਦ ਕਿਉਂ ਚੱਲ ਕੇ ਆਉਂਦੇ?

ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਭਾਈ ਜੈਤਾ ਜੀ ਨੂੰ ਹੁਕਮ ਕੀਤਾ ਕਿ ਉਨ੍ਹਾਂ ਦੇ ਸੀਸ ਨੂੰ ਅਨੰਦਪੁਰ ਸਾਹਿਬ ਪਹਚਾਉਂਣਾ ਹੈ। ਅਖੀਰ ਜ਼ਾਲਮਾਂ, ਜ਼ੁਲਮ ਦੀ ਇੰਤਹਾ ਕਰਦਿਆਂ ਹੋਇਆਂ ਸਮਾਣੇ ਦੇ ਜਲਾਦ ਜਲਾਲੁਦੀਨ ਤੋਂ ੧੧ ਨਵੰਬਰ ੧੬੭੫ ਈ: ਨੂੰ ਗੁਰੂ ਜੀ ਦਾ ਪਾਵਨ ਸੀਸ ਤਲਵਾਰ ਨਾਲ ਧੜ ਤੋਂ ਅਲੱਗ ਕਰਵਾ ਦਿੱਤਾ ਅਤੇ ਸਤਿਗੁਰਾਂ ਦਾ ਸੀਸ ਭਾਈ ਜੈਤਾ ਜੀ ਦੇ ਤਿਆਰ ਕੀਤੇ ਹੋਏ ਰੁਮਾਲੇ ਵਿਚ ਆ ਪਿਆ[7]। ਜਿਸ ਥਾਂ ਗੁਰਦੇਵ ਪਿਤਾ ਨੂੰ ਸ਼ਹੀਦ ਕੀਤਾ ਗਿਆ, ਉਸ ਜਗ੍ਹਾ ਗੁਰਦੁਆਰਾ ਸੀਸ ਗੰਜ ਸੁਭਾਇਮਾਨ ਹੈ !

[7] ਗੁਰਪ੍ਰਤਾਪ ਸੂਰਜ ਪ੍ਰਕਾਸ਼ ਗ੍ਰੰਥ – ਕਵੀ ਸੰਤੋਖ ਸਿੰਘ ਜੀ

ਗੁਰੂ ਜੀ ਦੀ ਸ਼ਹਾਦਤ ਉਪਰੰਤ ਦਿੱਲੀ ਸ਼ਹਿਰ ਵਿਚ ਹਾਹਾਕਾਰ ਮੱਚ ਗਈ। ਲੋਕ ਗ਼ਮਗੀਨ ਸਨ ਪਰ ਹਕੂਮਤੀ ਜਬਰ-ਜ਼ੁਲਮ ਕਰਕੇ ਕੋਈ ਹਾਅ ਨਾ ਨਾਅਰਾ ਵੀ ਨਹੀਂ ਸੀ ਮਾਰ ਰਿਹਾ। ਬਾਦਸ਼ਾਹੀ ਖੇਮੇ ਵਿਚ ਖੁਸ਼ੀ ਮਨਾਈ ਜਾ ਰਹੀ ਸੀ ਕਿ ਉਨ੍ਹਾਂ ਨੇ ਇਸਲਾਮ-ਵਿਰੋਧੀ ਗੜ੍ਹ ਨੂੰ ਜਿੱਤ ਲਿਆ ਹੈ। ਐਸੀ ਹਫੜਾ-ਦਫੜੀ ਅਤੇ ਮੁਗਲਾਂ ਦੇ ਸਖ਼ਤ ਘੇਰੇ ਦੇ ਵਿਚ ਹੁੰਦਿਆ ਵੀ ਹੀ ਭਾਈ ਜੈਤਾ ਜੀ ਸਤਿਗੁਰੂ ਜੀ ਦਾ ਪਾਵਨ ਸੀਸ ਨੂੰ ਸੰਭਾਲਿਆ, ਰਾਤ-ਦਿਨ ਮੰਜ਼ਲਾਂ ਮਾਰਦਾ, ਰਾਹੋਂ ਕੁਰਾਹੇ ਚੱਲ, ਲੰਮੇਰਾ ਪੰਧ ਨਿਬੇੜ, ਦਸਮੇਸ਼-ਪਿਤਾ ਜੀ ਦੀ ਹਜ਼ੂਰੀ ਵਿਚ ਜਾ ਹਾਜ਼ਰ ਹੋਇਆ। ਇਹ ਪਾਵਨ ਕਾਰਜ ਕਿਸੇ ਕਰਾਮਾਤ ਤੋਂ ਘੱਟ ਨਹੀਂ ਸੀ ਜੋ ਭਾਈ ਜੈਤਾ ਜੀ ਨੇ ਸਤਿਗੁਰਾਂ ਦੀ ਰਹਿਮਤ ਸਦਕਾ, ਸਫ਼ਲਤਾ ਸਹਿਤ ਪ੍ਰਵਾਨ ਚੜ੍ਹਾਇਆ। ਇਸ ਕਾਰਜ ਸਦਕਾ ਹੀ ਸਮੁੱਚਾ ਸਿੱਖ-ਜਗਤ ਭਾਈ ਜੈਤਾ ਜੀ ਦੇ ਨਾਮ ਨੂੰ ਸਤਿਕਾਰ ਤੇ ਪਿਆਰ ਸਹਿਤ ਯਾਦ ਕਰਦਾ ਹੈ। ਭਾਈ ਜੈਤਾ ਜੀ ਨੂੰ ਇਹ ਪਾਵਨ ਕਾਰਜ ਕਰਨ ਵਿਚ ਕਿੰਨ੍ਹਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਹੋਵੇਗਾ, ਇਸ ਦਾ ਅੰਦਾਜ਼ਾ ਸਹਿਜੇ ਹੀ ਲੱਗ ਸਕਦਾ ਹੈ। ਲੰਮਾ ਪੰਧ, ਹਾਕਮਾਂ ਦਾ ਥਾਂ-ਥਾਂ ਡਰ ਕਿ ਕਿਤੇ ਵੀ ਹਮਲਾਵਰ ਹੋ ਸਕਦੇ ਸਨ, ਪਰ ਸਤਿਗੁਰਾਂ ਦੀ ਰਹਿਮਤ ਸਦਕਾ, ਭਾਈ ਸਾਹਿਬ ਗੁਰੂ ਜੀ ਦਾ ਪਾਵਨ ਸੀਸ ਕੱਪੜੇ ਵਿਚ ਲਪੇਟ, ਛਾਤੀ ਨਾਲ ਲਗਾ ਮੰਜ਼ਲ ਮੁਕਾ ਰਹੇ ਸਨ।

ਕਲਗੀਧਰ ਪਾਤਸ਼ਾਹ ਨੇ ਪਿਤਾ ਗੁਰੂ ਤੇਗ ਬਹਾਦਰ ਦਾ ਸੀਸ ਭਾਈ ਜੈਤੇ ਤੋਂ ਪ੍ਰਾਪਤ ਕਰਦਿਆਂ ਹੋਇਆਂ, ਭਾਈ ਸਾਹਿਬ ਨੂੰ ਘੁੱਟ ਕੇ ਛਾਤੀ ਨਾਲ ਲਾਇਆ ਤੇ ਬਚਨ ਕੀਤਾ— ਰੰਘਰੇਟੇ ਗੁਰੂ ਕੇ ਬੇਟੇ ! ਇਸ ਤਰ੍ਹਾਂ ਗੁਰੂ ਤੇਗ ਬਹਾਦਰ ਸਾਹਿਬ ਦੇ ਪਾਵਨ ਸੀਸ ਦਾ ਅੰਤਮ-ਸਸਕਾਰ ਗੁ: ਸੀਸ ਗੰਜ ਸਾਹਿਬ ਦੇ ਸਥਾਨ ਤੇ ਕਰ ਦਿੱਤਾ ਗਿਆ। ਇਸ ਇਤਿਹਾਸਕ ਘਟਨਾ ਤੋਂ ਪਿੱਛੋਂ ਭਾਈ ਜੈਤਾ ਜੀ ਹਮੇਸ਼ਾ ਗੁਰੂ-ਦਰਬਾਰ ਵਿਚ ਹੀ ਹਾਜ਼ਰ ਰਹਿੰਦੇ।

ਭਾਈ ਜੈਤਾ ਜੀ ਤੋਂ ਜਦ ਗੁਰੂ ਗੋਬਿੰਦ ਰਾਇ ਨੇ ਸ਼ਹੀਦੀ ਦੀ ਵਾਰਤਾ ਸੁਣੀ ਤਾਂ ਉਨ੍ਹਾਂ ਕਿਹਾ ਕਿ ਹਕੂਮਤ ਦੇ ਜ਼ੋਰ-ਓ-ਜਬਰ ਦੇ ਸਾਹਮਣੇ ਡਟਣਾ ਪੈਣਾ ਹੈ। ਸਿੱਖਾਂ ਨੂੰ ਧਰਮ-ਯੁੱਧ ਲਈ ਤਿਆਰ ਕਰਨ ਲਈ ਗੁਰੂ ਜੀ ਨੇ ਬੀਰ-ਰਸੀ ਸਾਹਿਤ ਦੀ ਰਚਨਾ ਕੀਤੀ ਤੇ ਸ਼ਸਤਰਧਾਰੀ ਹੋਣਾ ਸਭ ਸਿੱਖਾਂ ਲਈ ਲਾਜ਼ਮੀ ਬਣਾ ਦਿੱਤਾ।[੮]

[8] ਡਾ. ਜੋਧ ਸਿੰਘ

ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਨੇ ਬਾਦਸ਼ਾਹੀ ਦੇ ਵਿਰੁੱਧ ਇਕ ਕਿਸਮ ਦੀ ਬਗ਼ਾਵਤ ਖੜ੍ਹੀ ਕਰ ਦਿੱਤੀ। ਇਸ ਤੋਂ ਪਿੱਛੋਂ ਔਰੰਗਜ਼ੇਬ ਤੇ ਵਿਅਕਤੀਗਤ ਰੂਪ ਵਿਚ ਹਮਲੇ ਹੋਏ। ਇਸ ਤਰ੍ਹਾਂ ਹੀ ਇਕ ਹਮਲਾ ੨੭ ਅਕਤੂਬਰ ੧੬੭੬ ਈ: ਨੂੰ ਇਕ ਗੁਰਸਿੱਖ ਵੱਲੋਂ ਉਸ ਸਮੇਂ ਕੀਤਾ ਗਿਆ, ਜਦ ਬਾਦਸ਼ਾਹ ਜਾਮਾ ਮਸਜਿਦ ਵਿਚੋਂ ਬਾਹਰ ਆ ਰਿਹਾ ਸੀ। ਬਾਦਸ਼ਾਹ ਨੂੰ ਚੋਟ ਤਾਂ ਨਾ ਆਈ ਪਰ ਭੈਅ ਪੈਦਾ ਹੋ ਗਿਆ।

ਭਾਈ ਜੈਤਾ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਅੰਗ-ਸੰਗ ਰਹਿ ਕੇ ਸਾਰੇ ਹੀ ਪ੍ਰਮੁੱਖ ਯੁੱਧਾਂ ਵਿਚ ਹਿੱਸਾ ਲਿਆ ਤੇ ਬਹਾਦਰੀ, ਦਲੇਰੀ, ਦ੍ਰਿੜ੍ਹਤਾ ਸਹਿਤ ਤਲਵਾਰਬਾਜ਼ੀ ਤੇ ਨਿਸ਼ਾਨੇਬਾਜ਼ੀ ਦੇ ਜੌਹਰ ਦਿਖਾਏ। ਕਿਹਾ ਜਾਂਦਾ ਹੈ ਕਿ ਭਾਈ ਜੈਤਾ ਜੀ ਦਾ ਵਿਆਹ ੧੬੯੦ ਈ. ਨੂੰ ਅਨੰਦਪੁਰ ਸਾਹਿਬ ਵਿਖੇ ਭਾਈ ਸੁਜਾਨ ਸਿੰਘ ਦੀ ਸਪੁੱਤਰੀ ਰਾਜ ਕੌਰ ਨਾਲ ਹੋਇਆ। ਭਾਈ ਸਾਹਿਬ ਦੇ ਘਰ ਭਾਈ ਗੁਰਦਿਆਲ ਸਿੰਘ, ਭਾਈ ਗੁਲਜ਼ਾਰ ਸਿੰਘ, ਭਾਈ ਸੁੱਖਾ ਸਿੰਘ ਤੇ ਭਾਈ ਸੰਤ ਸਿੰਘ ਚਾਰ ਸਪੁੱਤਰ ਹੋਏ[੯]।

ਗੁਰਦੇਵ ਪਿਤਾ ਗੋਬਿੰਦ ਰਾਇ ਜੀ ਵੱਲੋਂ ੧੬੮੪ ਈ: ਨੂੰ ਰਣਜੀਤ ਨਗਾਰਾ ਬੜੇ ਪ੍ਰਯਤਨਾਂ ਨਾਲ ਬਣਾਇਆ ਗਿਆ। ਰਣਜੀਤ ਨਗਾਰੇ ਦੀ ਆਵਾਜ਼ ਇਤਨੀ ਬੁਲੰਦ ਸੀ ਕਿ ਉਸ ਉੱਪਰ ਇਕ ਵੇਰ ਚੋਟ ਲੱਗਦਿਆਂ ਇਲਾਕਾ ਬਾਈਧਾਰ ਦੇ ਪਹਾੜ, ਸਾਰੇ ਬਨ-ਪਰਬਤ ਮੀਲਾਂ ਤਕ ਬੜੀ ਕੜਕਵੀਂ ਆਵਾਜ਼ ਵਿਚ ਗੂੰਜ ਉਠਦੇ ਸਨ। ਉਸ ਰਣਜੀਤ ਨਗਾਰੇ ਦੇ ਸਿਰਮੌਰ ਨਗਾਰਚੀ ਸਨ- ਭਾਈ ਜੈਤਾ ਜੀ, ਜਿਨ੍ਹਾਂ ਨੂੰ ਗੁਰੂ ਸਾਹਿਬ ਜੀ ਨੇ ਪਹਿਲਾਂ ਹੀ ਪਿਆਰ ਦੇ ਕੇ ਆਪਣਾ ਸੰਗੀ-ਸਾਥੀ ਬਣਾ ਲਿਆ ਸੀ[੧੦]।

੩੦ ਮਾਰਚ ੧੬੯੯ ਦੀ ਇਤਿਹਾਸਕ ਵਿਸਾਖੀ ਨੂੰ ਜਦ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਤਾਂ ਭਾਈ ਜੈਤਾ ਜੀ ਨੇ ਵੀ ਪਰਵਾਰ ਸਮੇਤ ਖੰਡੇ-ਬਾਟੇ ਦੀ ਪਾਹੁਲ ਪ੍ਰਾਪਤ ਕਰ, ਜਨਮ ਸਫ਼ਲਾ ਕੀਤਾ। ਖੰਡੇ-ਬਾਟੇ ਦੀ ਪਾਹੁਲ ਉਪਰੰਤ ਭਾਈ ਜੈਤਾ ਜੀ ਦਾ ਨਾਮ ਭਾਈ ਜੀਵਨ ਸਿੰਘ ਪ੍ਰਸਿੱਧ ਹੋਇਆ। ਇਕ ਇਤਿਹਾਸਕ ਵਾਰਤਾ ਹੈ ਕਿ ਇਕ ਵਾਰ ਬੱਸੀ ਪਠਾਣਾਂ ਦਾ ਜਾਬਰ ਪਠਾਣ ਇਕ ਗਰੀਬ ਬ੍ਰਾਹਮਣ ਦੀ ਨਵ-ਵਿਆਹੁਤਾ ਨੂੰ ਜਬਰੀ ਚੁੱਕ ਕੇ ਲੈ ਗਿਆ। ਵਿਚਾਰੇ ਬ੍ਰਾਹਮਣ ਨੇ ਗੁਰੂ-ਘਰ ਆਪਣੀ ਮਦਦ ਲਈ ਬੇਨਤੀ ਕੀਤੀ। ਗੁਰੂ ਜੀ ਨੇ ਬਾਬਾ

[9] ਸ. ਸ਼ਮਸ਼ੇਰ ਸਿੰਘ ਅਸ਼ੋਕ
[10] ਸ. ਸ਼ਮਸ਼ੇਰ ਸਿੰਘ ਅਸ਼ੋਕ

ਅਜੀਤ ਸਿੰਘ ਨੂੰ ਹੁਕਮ ਕੀਤਾ ਕਿ ਗਰੀਬ ਬ੍ਰਾਹਮਣ ਦੀ ਮਦਦ ਤੇ ਜਾਣ। ਇਸ ਚੜ੍ਹਾਈ ਸਮੇਂ ਭਾਈ ਜੀਵਨ ਸਿੰਘ ਬਾਬਾ ਅਜੀਤ ਸਿੰਘ ਦੇ ਸਾਥੀ ਸਨ। ਪਠਾਣ ਨੂੰ ਸੋਧਾ ਲਾ ਕੇ ਗਰੀਬ ਬ੍ਰਾਹਮਣ ਨੂੰ ਉਸ ਦੀ ਵਿਆਹੁਤਾ ਦਿਵਾਈ। ਇਸ ਇਤਿਹਾਸਕ ਘਟਨਾ ਪਿੱਛੋਂ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਤੇ ਭਾਈ ਜੀਵਨ ਸਿੰਘ ਵਿਚ ਆਪਸੀ ਪਿਆਰ-ਮੁਹੱਬਤ ਹੋ ਗਈ। ਦੋਵੇਂ ਇਕ ਦੂਸਰੇ ਦਾ ਬਹੁਤ ਪਿਆਰ-ਸਤਿਕਾਰ ਕਰਦੇ।

ਭਾਈ ਜੀਵਨ ਸਿੰਘ ਜੀ ਨੇ ਗੁਰਦੇਵ-ਪਿਤਾ ਗੁਰੂ ਗੋਬਿੰਦ ਸਿੰਘ ਜੀ ਨਾਲ ਬਾਈਧਾਰ ਦੇ ਰਾਜਿਆਂ, ਮੁਗ਼ਲ ਹਾਕਮਾਂ, ਸ਼ਾਸਕਾਂ ਨਾਲ ਹੋਏ ਸਾਰੇ ਯੁੱਧਾਂ ਵਿਚ ਵਧ-ਚੜ੍ਹ ਕੇ ਹਿੱਸਾ ਲਿਆ ਤੇ ਨਾਮਨਾ ਖੱਟਿਆ। ਇਥੇ ਅਸੀਂ ਭਾਈ ਜੀਵਨ ਸਿੰਘ ਵੱਲੋਂ ਕੇਵਲ ਅਨੰਦਪੁਰ ਸਾਹਿਬ ਦੇ ਆਖਰੀ ਘੇਰੇ ਸਮੇਂ ਦਿਖਾਏ ਸਾਹਸ ਅਤੇ ਚਮਕੌਰ ਦੀ ਗੜ੍ਹੀ ਵਿਚ ਸ਼ਹਾਦਤ ਦਾ ਜਾਮ ਪੀਣ ਦੀ ਅਨੋਖੀ ਘਟਨਾ ਨੂੰ ਪਾਠਕਾਂ ਦੇ ਸਨਮੁਖ ਪੇਸ਼ ਕਰਾਂਗੇ।

ਅਨੰਦਪੁਰ ਸਾਹਿਬ ਦੀ ਆਖਰੀ ਲੜਾਈ ਸਮੇਂ ਦੁਸ਼ਮਣ-ਦਲਾਂ ਦੀ ਬੇਸ਼ੁਮਾਰ (limitless) ਗਿਣਤੀ ਨੇ ਅਨੰਦਪੁਰ ਸਾਹਿਬ ਨੂੰ ਚਾਰੇ ਪਾਸਿਓਂ ਘੇਰਿਆ ਹੋਇਆ ਸੀ। ਘੇਰਾ ਲੰਮੇਰਾ ਹੋਣ ਕਰਕੇ ਕਿਲ੍ਹੇ ਵਿਚੋਂ ਖਾਣ-ਪੀਣ ਦਾ ਸਾਮਾਨ ਮੁੱਕ ਚੁਕਾ ਸੀ। ਦੁਸ਼ਮਣ-ਦਲ ਬਾਹਰੋਂ ਕੋਈ ਵੀ ਚੀਜ਼-ਵਸਤੂ ਅੰਦਰ ਨਹੀਂ ਸਨ ਆਉਣ ਦਿੰਦੇ। ਪਾਣੀ ਦੇ ਭੰਡਾਰਾਂ ਤੇ ਵੀ ਦੁਸ਼ਮਣ-ਦਲ ਕਾਬਜ਼ ਸਨ। ਅਜਿਹੇ ਭਿਆਨਕ ਸਮੇਂ ਕੁਝ ਖਾਧੇ ਬਿਨਾਂ ਤਾਂ ਕੁਝ ਦਿਨ ਲੰਘ ਸਕਦੇ ਸਨ ਪਰ ਪਾਣੀ ਦੇ ਬਿਨਾਂ ਤਾਂ ਇਕ ਦਿਨ ਕੱਟਣਾ ਵੀ ਮੁਸ਼ਕਲ ਸੀ। ਸਿੰਘਾਂ ਦਾ ਇਕ ਦਸਤਾ ਤਾਂ ਦੁਸ਼ਮਣ-ਦਲ ਤੇ ਹਮਲਾ ਕਰਦਾ ਤੇ ਦੂਸਰਾ ਅੰਨ-ਪਾਣੀ ਦੀ ਲੁੱਟਮਾਰ। ਇਹ ਸੌਦਾ ਵੀ ਸਿੰਘਾਂ ਵਾਸਤੇ ਬਹੁਤ ਮਹਿੰਗਾ ਸੀ ਕਿਉਂਕਿ ਇਕ ਤਾਂ ਸਿੰਘਾਂ ਦੀ ਗਿਣਤੀ ਬਹੁਤ ਹੀ ਥੋੜ੍ਹੀ ਸੀ ਤੇ ਦੂਸਰਾ, ਰੋਜ਼ਾਨਾ ਇਸ ਤਰ੍ਹਾਂ ਕਰਨ ਨਾਲ ਕੁਝ ਸਿੰਘ ਲੜਾਈ ਵਿਚ ਸ਼ਹੀਦ ਵੀ ਹੋ ਜਾਂਦੇ। ਦੁਸ਼ਮਣ-ਦਲ ਵੀ ਲੰਮੇ ਘੇਰੇ ਤੋਂ ਅੱਕ ਚੁਕੇ ਸਨ। ਏਲਚੀ (ਝੂਠੇ) ਹਾਕਮਾਂ ਦੀ ਤਰਫ਼ੋਂ ਰੋਜ਼ਾਨਾ ਕੁਰਾਨ ਦੀਆਂ ਕਸਮਾਂ ਨਾਲ ਹਾਜ਼ਰ ਹੁੰਦੇ ਕਿ ਜੇਕਰ ਗੁਰਦੇਵ ਅਨੰਦਪੁਰ ਦਾ ਕਿਲ੍ਹਾ ਖਾਲੀ ਕਰ ਦੇਣ ਤਾਂ ਉਨ੍ਹਾਂ ਤੇ ਹਮਲਾ ਨਹੀਂ ਕੀਤਾ ਜਾਵੇਗਾ ਸਗੋਂ ਸੁਰੱਖਿਅਤ ਲੰਘਣ ਦਿੱਤਾ ਜਾਵੇਗਾ। ਗੁਰੂ ਜੀ ਨੂੰ ਉਨ੍ਹਾਂ ਦੀਆਂ ਕਸਮਾਂ ਉਤੇ ਰਤਾ ਭਰ ਵੀ ਯਕੀਨ ਨਹੀਂ ਸੀ। ਉਨ੍ਹਾਂ ਨੇ ਸਿੰਘਾਂ ਨੂੰ ਕੁਝ ਸਮਾਂ ਹੋਰ ਧੀਰਜ ਰੱਖਣ ਲਈ ਕਿਹਾ। ਸਿੰਘਾਂ ਨੇ ਗੁਰੂ ਜੀ ਦਾ ਹੁਕਮ ਤਾਂ ਪ੍ਰਵਾਨ ਕਰ ਲਿਆ ਪਰ ਸਮਾਂ

ਬਹੁਤ ਹੀ ਦਰਦਨਾਕ ਸੀ ! ਅਖੀਰ ਹਾਕਮਾਂ ਦੀ ਸੁਗੰਧ ਅਤੇ ਸਿੰਘਾਂ ਦੇ ਵਾਰ-ਵਾਰ ਬੇਨਤੀ ਕਰਨ ਤੇ ਗੁਰੂ ਜੀ ਨੇ ਕਿਲ੍ਹਾ ਖਾਲੀ ਕਰਨ ਦਾ ਮਨ ਬਣਾਇਆ। ਜ਼ਰੂਰੀ ਸਾਮਾਨ, ਸਾਹਿਤਕ ਸਰਮਾਏ ਸਮੇਤ ਗੁਰਦੇਵ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਪੋਹ ਮਹੀਨੇ ਦੀ ਕੱਕਰ ਪੈਂਦੀ ਰਾਤ ਨੂੰ ਪਰਵਾਰ ਦੇ ਮੈਂਬਰਾਂ ਤੇ ਗਿਣਤੀ ਦੇ ਕੁਝ ਸਿੰਘਾਂ ਨਾਲ ਅਨੰਦਪੁਰ ਸਾਹਿਬ ਨੂੰ ਆਖਰੀ ਫ਼ਤਹਿ ਬੁਲਾਈ। ਪਿਆਰੇ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਜਥੇ ਦੇ ਅੱਗੇ ਅੱਗੇ ਸਨ। ਭਾਈ ਉਦੈ ਸਿੰਘ, ਸਾਹਿਬਜ਼ਾਦਾ ਬਾਬਾ ਅਜੀਤ ਸਿੰਘ, ਬਾਬਾ ਜੀਵਨ ਸਿੰਘ ਪਿੱਛੇ ਪਿੱਛੇ ਚਲ ਰਹੇ ਸਨ। ਕੁਝ ਸਿੰਘ ਖੱਬੇ-ਸੱਜੇ ਸਨ ਅਤੇ ਵਿਚਕਾਰ ਚਲ ਰਹੇ ਸਨ ਭੁੱਲੇ-ਭਟਕੇ ਜੀਵਾਂ ਨੂੰ ਸੱਚ ਦਾ ਮਾਰਗ ਦਿਖਾਉਣ ਵਾਲੇ ਮਨੁੱਖਤਾ ਦੇ ਗੁਰੂ, ਗੁਰੂ ਗੋਬਿੰਦ ਸਿੰਘ ਜੀ !

ਅਜੇ ਗੁਰੂ ਜੀ ਕਿਲ੍ਹੇ ਤੋਂ ਥੋੜ੍ਹੀ ਦੂਰੀ ਤੇ ਹੀ ਗਏ ਸਨ ਕਿ ਪਿੱਛੋਂ ਦੁਸ਼ਮਣ-ਦਲਾਂ ਨੇ ਆਪਣੀ ਕੁਟਲ-ਨੀਤੀ ਅਨੁਸਾਰ ਸਭ ਕਸਮਾਂ ਭੁਲਾ, ਨੈਤਿਕ ਕਦਰਾਂ-ਕੀਮਤਾਂ ਨੂੰ ਛਿੱਕੇ ਤੇ ਟੰਗ, ਰਾਤ ਦੇ ਹਨ੍ਹੇਰੇ ਵਿਚ ਗੋਲੀਆਂ ਦਾ ਮੀਂਹ ਵਰਸਾਉਣਾ ਸ਼ੁਰੂ ਕਰ ਦਿੱਤਾ। ਅੰਦਾਜ਼ਾ ਲਗਾਉਣਾ ਮੁਸ਼ਕਲ ਨਹੀਂ ਉਸ ਸਮੇਂ ਦੀ ਸਥਿਤੀ ਦਾ, ਢਿੱਡੋਂ ਭੁੱਖੇ ਸ਼ੇਰ, ਆਲੇ-ਦੁਆਲੇ ਦੁਸ਼ਮਣਾਂ ਦਾ ਘੇਰਾ, ਦਿਨ-ਰਾਤਾਂ ਦਾ ਅਨੀਂਦਰਾ, ਪੋਹ ਮਹੀਨੇ ਦੀ ਹੱਡਾਂ ਨੂੰ ਚੀਰਵੀਂ ਸੀਤ ਲਹਿਰ, ਘੁੱਪ ਹਨ੍ਹੇਰੀ ਰਾਤ ਤੇ ਚੁਫੇਰੇ ਤੋਂ ਅੰਧਾਧੁੰਦ ਗੋਲੀ ! ਸਿੰਘਾਂ ਵੀ ਅਕਾਲ ਪੁਰਖ ਵਾਹਿਗੁਰੂ ਦਾ ਆਸਰਾ ਲੈ, ਦੁਸ਼ਮਣਾਂ ਤੇ ਹਮਲਾ ਬੋਲ ਦਿੱਤਾ। ਸਿੰਘ ਦੁਸ਼ਮਣਾਂ ਦੇ ਹਮਲੇ ਦਾ ਜੁਆਬ ਦਿੰਦੇ ਹੋਏ ਅੱਗੇ ਵਧ ਰਹੇ ਸਨ ਪਰ ਅੱਗੇ ਵੀ ਕੋਈ ਰਸਤਾ ਸਾਫ਼ ਨਹੀਂ ਸੀ। ਸਰਸਾ ਨਦੀ ਸ਼ੂਕ ਰਹੀ ਸੀ। ਸਰਸਾ ਨਦੀ ਦੇ ਕੰਢੇ ਬਹੁਤ ਹੀ ਭਿਆਨਕ ਯੁੱਧ ਹੋਇਆ। ਸਿੰਘ ਸਿਰ-ਧੜ ਦੀ ਬਾਜ਼ੀ ਲਾ ਕੇ ਲੜ ਰਹੇ ਸਨ ਤੇ ਦੁਸ਼ਮਣ ਕੇਵਲ ਨੌਕਰੀ ਬਦਲੇ—ਫਰਕ ਕੇਵਲ ਇਹੀ ਸੀ। ਸਰਸਾ ਨਦੀ ਦੇ ਕੰਢੇ ਭਾਈ ਉਦੈ ਸਿੰਘ ਦੁਸ਼ਮਣਾਂ ਨਾਲ ਲੜਦਾ ਹੋਇਆ ਸ਼ਹਾਦਤ ਦਾ ਜਾਮ ਪੀ ਗਿਆ। ਬਾਬਾ ਅਜੀਤ ਸਿੰਘ ਵੀ ਦੁਸ਼ਮਣ ਦੇ ਘੇਰੇ ਵਿਚ ਸਨ।[11]ਸਾਹਿਬਜ਼ਾਦੇ ਦੀ ਮਦਦ ਵਾਸਤੇ ਭਾਈ ਜੀਵਨ ਸਿੰਘ ਜਥਾ ਲੈ ਕੇ ਪਹੁੰਚ ਗਏ। ਉਨ੍ਹਾਂ ਜੈਕਾਰਾ ਗਜਾਇਆ, ਜਿਸ ਨਾਲ ਦੁਸ਼ਮਣਾਂ ਵਿਚ ਭਾਜੜ ਪੈ ਗਈ। ਭਾਈ ਸਾਹਿਬ ਜੀ ਨੇ ਬਾਬਾ ਅਜੀਤ ਸਿੰਘ ਨੂੰ ਕਿਹਾ, "ਗੁਰਦੇਵ ਨਦੀ ਤੋਂ ਪਾਰ ਹੋ ਗਏ ਹਨ, ਆਪਣੇ ਆਪਣੇ ਜਥੇ ਸਮੇਤ ਨਦੀ ਪਾਰ ਕਰਕੇ ਗੁਰਦੇਵ ਨਾਲ ਜਾ ਮਿਲੋ। ਮੈਂ ਸਭ ਤੋਂ ਪਿੱਛੋਂ ਪਿੜ ਛੱਡਾਂਗਾ।"

[11] ਗਿ: ਸੋਹਣ ਸਿੰਘ ਸੀਤਲ

ਸਰਸਾ ਨਦੀ ਕੁਝ ਗਿਣਤੀ ਦੇ ਸਿੰਘ ਹੀ ਪਾਰ ਕਰ ਸਕੇ, ਬਹੁਤ ਸਾਰੇ ਸਿੰਘ ਦੁਸ਼ਮਣਾਂ ਨਾਲ ਲੋਹਾ ਲੈਂਦੇ ਗੁਰੂ-ਚਰਨਾਂ ਚ ਜਾ ਬਿਰਾਜੇ। ਬਹੁਤ ਸਾਰਾ ਕੀਮਤੀ ਸਾਮਾਨ ਤੇ ਸਾਹਿਤਕ ਸਰਮਾਇਆ ਸਰਸਾ ਨਦੀ ਦੀ ਭੇਂਟ ਹੋ ਗਿਆ। ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦੇ ਵਿਛੜ ਗਏ। ਦਸਮੇਸ਼-ਪਿਤਾ ਜੀ ਕੁਝ ਗਿਣਤੀ ਦੇ ਸਿੰਘਾਂ ਸਮੇਤ ਚਮਕੌਰ ਸਾਹਿਬ ਦੀ ਕੱਚੀ ਹਵੇਲੀ ਵਿਚ ਪਹੁੰਚਣ ਵਿਚ ਸਫ਼ਲ ਹੋਏ। ਦੁਸ਼ਮਣ ਵੀ ਗੁਰੂ ਜੀ ਦਾ ਪਿੱਛਾ ਨਿਰੰਤਰ ਕਰ ਰਹੇ ਸਨ। ੭-੮ ਪੋਹ ਦੀ ਦਰਮਿਆਨੀ ਰਾਤ ਨੂੰ ਦੁਸ਼ਮਣ-ਦਲਾਂ ਚਮਕੌਰ ਨੂੰ ਆ ਘੇਰਾ ਪਾਇਆ।

ਵਿਸ਼ਵ ਦੇ ਇਤਿਹਾਸ ਵਿਚ ਚਮਕੌਰ ਦਾ ਯੁੱਧ ਨਿਵੇਕਲਾ ਹੀ ਸਥਾਨ ਰੱਖਦਾ ਹੈ। ਇਕ ਪਾਸੇ ਦਸ ਲੱਖ ਫੌਜ ਦਾ ਘੇਰਾ ਤੇ ਇਕ ਪਾਸੇ ਗਿਣਤੀ ਦੇ ਸਿੰਘ। ਜ਼ਫਰਨਾਮੇ ਵਿਚ ਆਪ ਸਤਿਗੁਰੂ, ਗੁਰੂ ਗੋਬਿੰਦ ਸਿੰਘ ਜੀ ਗਿਣਤੀ ਵੱਲ ਇਸ਼ਾਰਾ ਕਰਦੇ ਹਨ :

ਗੁਰਸਨਹ ਚਿਹ ਕਾਰੇ ਕੁਨੱਦ ਚਿਹਲ ਨਰ ॥
ਕਿ ਦਹ ਲੱਕ ਬਿਆਯਦ ਬਰੋ ਬੇਖ਼ਬਰ ॥੧੯॥

ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ, ਦੋ ਵੱਡੇ ਸਾਹਿਬਜ਼ਾਦੇ ਤੇ ਇਕਤਾਲੀ ਸਿੰਘਾਂ ਸਮੇਤ ਕੁੱਲ ਗਿਣਤੀ ਚੁਤਾਲੀ ਬਣਦੀ ਹੈ। ਸਿੰਘ ਛੋਟੇ-ਛੋਟੇ ਜਥੇ ਬਣਾ, ਦੁਸ਼ਮਣ-ਦਲਾਂ ਦੇ ਆਹੂ ਲਾਹ ਕੇ ਸ਼ਹੀਦ ਹੋ ਰਹੇ ਸਨ। ਜਦ ਦੋਨੋਂ ਵੱਡੇ ਸਾਹਿਬਜ਼ਾਦੇ ਵੀ ਸ਼ਹਾਦਤ ਦਾ ਜਾਮ ਪੀ ਗਏ ਤਾਂ ਗੁਰਦੇਵ-ਪਿਤਾ ਵੀ ਜੰਗ ਵਿਚ ਸ਼ਹੀਦ ਹੋਣ ਲਈ ਤਿਆਰ ਸਨ। ਸਿੰਘਾਂ ਨੇ ਗੁਰੂ ਜੀ ਨੂੰ ਚਮਕੌਰ ਦੀ ਕੱਚੀ ਹਵੇਲੀ ਵਿਚੋਂ ਨਿਕਲ ਜਾਣ ਦੀ ਬੇਨਤੀ ਕੀਤੀ ਪਰ ਗੁਰੂ ਜੀ ਚਮਕੌਰ ਸਾਹਿਬ ਦੀ ਧਰਤੀ ਤੇ ਲੜ ਕੇ ਸ਼ਹੀਦ ਹੋਣਾ ਚਾਹੁੰਦੇ ਸਨ। ਜਦ ਗੁਰੂ ਜੀ ਨੇ ਸਿੰਘਾਂ ਦੀ ਬੇਨਤੀ ਨਾ ਮੰਨੀ ਤਾਂ ਪਿਆਰੇ ਭਾਈ ਦਇਆ ਸਿੰਘ ਦੀ ਅਗਵਾਈ ਵਿਚ ਪੰਥ-ਗੁਰੂ ਦੇ ਸਿਧਾਂਤ ਨੂੰ ਅਮਲੀ ਜਾਮਾ ਪਹਿਨਾਉਂਦਿਆਂ ਸਿੰਘਾਂ ਨੇ ਗੁਰੂ ਜੀ ਨੂੰ ਹੁਕਮ ਦਿੱਤਾ ਕਿ ਆਪ ਸ਼ਹੀਦ ਹੋਣ ਦੀ ਥਾਂ ਸਹੀ ਸਲਾਮਤ ਇਥੋਂ ਨਿਕਲ ਜਾਓ ! ਗੁਰਦੇਵ ਨੇ ਫ਼ੁਰਮਾਇਆ, "ਪਿਆਰੇ ਦਇਆ ਸਿੰਘ ਜੀ ! ਗੁਰੂ-ਪੰਥ ਦੇ ਹੁਕਮ ਮੰਨਣ ਤੋਂ ਗੋਬਿੰਦ ਸਿੰਘ ਇਨਕਾਰੀ ਨਹੀਂ, ਪਰ ਬੇਨਤੀ ਹੈ ਕਿ ਮੈਨੂੰ ਏਥੇ ਸ਼ਹੀਦ ਹੋਣ ਦੀ ਆਗਿਆ ਦਿੱਤੀ ਜਾਵੇ।"

"ਸੱਚੇ ਪਾਤਸ਼ਾਹ ! ਆਪ ਜੀ ਤੋਂ ਪੰਥ ਅਜੇ ਹੋਰ ਸੇਧ ਲੈਣੀ ਚਾਹੁੰਦਾ ਹੈ," ਭਾਈ ਦਇਆ ਸਿੰਘ ਨੇ ਕਿਹਾ। ਚਮਕੌਰ ਦੀ ਕੱਚੀ ਹਵੇਲੀ ਵਿਚ ਖ਼ਾਲਸਾਈ ਪਰਚਮ ਝੂਲ ਰਿਹਾ ਸੀ; ਖ਼ਾਲਸਾਈ ਜੈਕਾਰੇ-ਨਗਾਰੇ ਦੀ ਆਵਾਜ਼ ਧਰਤ-ਅਸਮਾਨ ਕੰਬਾ ਰਹੀ ਸੀ। ਭਾਵੇਂ ਕਿ ਦੁਸ਼ਮਣ ਸਿੰਘਾਂ ਦੀ ਗਿਣਤੀ ਤੋਂ ਭਲੀ-ਭਾਂਤ ਵਾਕਫ਼ ਸੀ ਪਰ

ਦੁਸ਼ਮਣ ਦਾ ਹੀਆ ਨਹੀਂ ਸੀ ਪੈ ਰਿਹਾ ਕਿ ਹਵੇਲੀ ਤੇ ਹਮਲਾ ਕਰ ਸਕੇ। ਆਪਣੇ ਘਰ, ਇੱਜ਼ਤ-ਆਬਰੂ, ਧਰਮ ਤੇ ਆਪਣੇ ਦੀਨ ਦੀ ਰਖਿਆ ਕਰਨਾ ਜਿਉਂਦੀਆਂ-ਜਾਗਦੀਆਂ ਕੌਮਾਂ ਦਾ ਪਹਿਲਾ ਫਰਜ਼ ਹੈ। ਜੋ ਇਸ ਫਰਜ਼ ਨੂੰ ਨਿਭਾਉਂਦੇ ਹੋਏ ਸ਼ਹੀਦ ਹੁੰਦੇ ਹਨ, ਅਕਾਲ ਪੁਰਖ ਵਾਹਿਗੁਰੂ ਦੇ ਦਰ ਤੇ ਪ੍ਰਵਾਨ ਚੜ੍ਹ ਜਾਂਦੇ ਹਨ। ਗੁਰੂ-ਪਿਤਾ ਜੀ ਗੁਰੂ-ਪੰਥ ਦਾ ਹੁਕਮ ਮੰਨ ਰਾਤ ਦੇ ਹਨ੍ਹੇਰੇ ਵਿਚ ਪਿਆਰੇ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਦੇ ਸਾਥ ਤੋਂ ਵਿਛੜਦੇ ਹੋਏ ਚਮਕੌਰ ਦੀ ਹਵੇਲੀ ਨੂੰ ਆਖਰੀ ਫ਼ਤਹਿ ਬੁਲਾ ਗਏ। ਅਗਲਾ ਸਮਾਂ ਗੁਰੂ ਜੀ ਨੇ ਕਿਵੇਂ ਗੁਜ਼ਾਰਿਆ, ਉਹ ਇਕ ਹੋਰ ਲੰਮੇਰੀ, ਦੁੱਖਾਂ-ਕਸ਼ਟਾਂ ਭਰਪੂਰ ਕਹਾਣੀ ਹੈ।

ਗੁਰਦੇਵ ਪਿਤਾ ਨੇ ਹਵੇਲੀ ਤੋਂ ਕੂਚ ਕਰਨ ਤੋਂ ਪਹਿਲਾਂ ਆਪਣੇ ਹਮਸ਼ਕਲ, ਉਮਰ ਪੱਖੋਂ ਹਾਣੀ ਭਾਈ ਜੀਵਨ ਸਿੰਘ ਦੇ ਭਾਈ, ਭਾਈ ਸੰਗਤ ਸਿੰਘ ਦੇ ਸਿਰ ਤੇ ਕਲਗੀ ਸਜਾਈ। ਤਵਾਰੀਖ ਗੁਰੂ ਖਾਲਸਾ ਅਨੁਸਾਰ ਹੋਰ ਭਾਈ ਰਾਮ ਸਿੰਘ, ਕੇਹਰ ਸਿੰਘ, ਸੰਤੋਖ ਸਿੰਘ, ਭਾਈ ਦੇਵਾ ਸਿੰਘ ਚਹੁੰਆਂ ਨੂੰ ਬੁਰਜ ਵਿਚ ਬੈਠ ਕੇ ਧੀਰੇ-ਧੀਰੇ ਬੰਦੂਕਾਂ ਚਲਾਉਂਦੇ ਰਹਿਣ ਅਤੇ ਜੀਵਨ ਸਿੰਘ ਨੂੰ ਨਗਾਰਾ ਵਜਾਉਣ ਦਾ ਹੁਕਮ ਹੋਇਆ। ਚਮਕੌਰ ਦੀ ਹਵੇਲੀ ਵਿਚ ਕੇਵਲ ਅੱਠ ਸਿੰਘ ਜ਼ਿੰਦਾ ਬਾਕੀ ਸਨ, ਜਦ ਗੁਰਦੇਵ ਪਿਤਾ ਨੇ ਹਵੇਲੀ ਨੂੰ ਛੱਡਿਆ। ਸਿੰਘਾਂ ਪਾਸ ਗੋਲੀ-ਸਿੱਕਾ ਨਾ ਹੋਣ ਦੇ ਬਰਾਬਰ ਸੀ। ਅਗਲੇ ਦਿਨ ਜਦ ਸਿੰਘਾਂ ਪਾਸ ਗੋਲੀ-ਬਰੂਦ ਮੁੱਕ ਗਿਆ ਤਾਂ ਇਹ ਸਾਰੇ ਸਿੰਘ ਅਨੇਕਾਂ ਫੱਟ ਖਾ ਕੇ ਸ਼ਹੀਦ ਹੋਏ। ਪ੍ਰਾਚੀਨ ਜੰਗਨਾਮਿਆਂ ਤੇ ਵਾਰਾਂ ਵਿਚ ਜ਼ਿਕਰ ਮਿਲਦਾ ਹੈ :

ਜੀਵਨ ਸਿੰਘ ਰੰਘਰੇਟੜੋ, ਰਣ ਮਹਿ ਪਵੈ ਨਿਸੰਗ।
ਮੁਹ ਮੁਹ ਤਲਵਾਰਾਂ ਖਾਧੀਆਂ, ਟੁਕ ਮੂਲ ਨ ਮੋੜੇ ਅੰਗ।[੧੨]

ਉਤ ਚਮਕੌਰ ਸਿੰਘ ਥੇ ਜੇਈ। ਜੀਉਣ ਸਿੰਘ ਮਜ਼ਬੀਲੇ ਤੇਈ।
ਸੂਰਜ ਚੜੇ ਸੈਨ ਤੁਰਕਾਨੀ। ਤੋੜ ਗੜੀ ਆ ਬੜੀ ਮਚਾਨੀ।
ਸਿੰਘ ਮਾਰ ਬਹੁ ਸਤ੍ਰਨ ਕੋਹੇ। ਤਾਏ ਸ਼ਹੀਦ ਸਨਮੁਖ ਲੜ ਸੋਹੇ।[੧੩]

[12] ਪ੍ਰਾਚੀਨ ਜੰਗਨਾਮਿਆਂ ਤੇ ਵਾਰਾਂ
[13] ਪੰਥ ਪ੍ਰਕਾਸ਼ – ਪੰਨਾ ੨੮੮

ਬੁਰਜ ਜੀਉਣ ਸਿੰਘ–ਜੀਉਣ ਸਿੰਘ ਮਜ਼ਬੀ, ਜੋ ਰਾਤ ਨਗਾਰਾ ਬਜਾਉਂਦਾ ਤੇ ਬੰਦੂਕਾਂ ਚਲਾਉਂਦਾ ਰਿਹਾ, ਅੰਤ ਨੂੰ ਅਨੇਕਾਂ ਦੁਸ਼ਮਣਾਂ ਨੂੰ ਮਾਰ ਕੇ ਸ਼ਹੀਦ ਹੋ ਗਿਆ[੧੪]। ਕਲਗੀਧਰ ਦਸਮੇਸ਼ ਪਿਤਾ ਜੀ ਨੇ ਇਹੀ ਤਾਂ ਸੰਸਾਰ ਨੂੰ ਕਰਾਮਾਤ ਕਰ ਦਿਖਲਾਈ—

ਜਿਨ ਕੀ ਜਾਤ ਬਰਨ ਕੁਲ ਮਾਹੀਂ। ਸਰਦਾਰੀ ਨਹ ਭਈ ਕਦਾਹੀਂ।
ਤਿਨ ਹੀ ਕੋ ਸਰਦਾਰ ਬਨਾਊਂ। ਤਬੈ ਗੋਬਿੰਦ ਸਿੰਘ ਨਾਮ ਕਹਾਊਂ। [੧੫]

ਐਸੇ ਹੀ ਮਹਾਨ ਗੁਰਸਿੱਖਾਂ ਦੇ ਕਾਰਨਾਮਿਆਂ ਨੂੰ ਸਨਮੁਖ ਰਖ ਕੇ ਦਸਮੇਸ਼–ਪਿਤਾ ਨੇ ਖ਼ਾਲਸੇ ਨੂੰ ਬਚਨ ਕੀਤੇ ਹਨ :

ਖ਼ਾਲਸਾ ਮੇਰੋ ਰੂਪ ਹੈ ਖ਼ਾਸ। ਖ਼ਾਲਸੇ ਮਹਿ ਹਉ ਕਰਉਂ ਨਿਵਾਸ।
ਖ਼ਾਲਸਾ ਮੇਰੋ ਮਿਤ੍ਰ ਸਖਾਈ। ਖ਼ਾਲਸਾ ਮਾਤ ਪਿਤਾ ਸੁਖਦਾਈ।
ਯਾ ਮੈਂ ਰੰਚ ਨ ਮਿਥਯਾ ਭਾਖੀ। ਪਾਰਬ੍ਰਹਮ ਗੁਰ ਨਾਨਕ ਸਾਖੀ।
(ਸਰਬਲੋਹ ਗ੍ਰੰਥ, ੬੬੭)

---

14 ਗੁਰਧਾਮ ਸੰਗ੍ਰਹਿ ਵਿਚ ਗਿਆਨੀ ਗਿਆਨ ਸਿੰਘ
15 ਪੰਥ ਪ੍ਰਕਾਸ਼

## ੧੬. ਪੀਰ ਬੁੱਧੂ ਸ਼ਾਹ ਜੀ

ਸਿੱਖ ਇਤਿਹਾਸ ਵਿਚ ਪੀਰ ਬੁੱਧੂ ਸ਼ਾਹ ਜੀ ਦਾ ਨਾਮ ਬੜੇ ਹੀ ਪਿਆਰ ਅਤੇ ਸਤਕਾਰ ਨਾਲ ਲਿਆ ਜਾਂਦਾ ਹੈ। ਇਹ ਉਹ ਮਹਾਨ (great) ਸ਼ਖ਼ਸੀਅਤ (personality) ਹਨ ਜਿਨ੍ਹਾਂ ਨੇ ਧਰਮ ਦੇ ਸਹੀ ਅਰਥਾਂ ਨੂੰ ਪਛਾਣਿਆ ਅਤੇ ਉਸੇ ਰਾਹ ਤੇ ਚੱਲੇ। ਭਾਵੇਂ ਕਿ ਉਨ੍ਹਾਂ ਨੂੰ ਇਸ ਕੰਮ ਵਿਚ ਆਪਣੇ ਹਮ-ਮਜ਼੍ਹਬੀ ਲੋਕਾਂ ਦੇ ਵਿਰੋਧ ਦਾ ਸਾਹਮਣਾ ਵੀ ਕਰਨਾ ਪਿਆ ਪਰ ਫਿਰ ਵੀ ਉਹ ਮਜ਼ਬੂਤ ਇਰਾਦੇ ਤੇ ਦ੍ਰਿੜ ਨਿਸਚੇ ਨਾਲ ਇਸ ਰਾਹ ਤੇ ਚੱਲਦੇ ਰਹੇ। ਗੁਰੂ ਨਾਨਕ ਸਾਹਿਬ ਜੀ ਦੇ ਮਹਾਂਵਾਕ "ਇਤੁ ਮਾਰਗਿ ਪੈਰੁ ਧਰੀਜੈ ਸਿਰੁ ਦੀਜੈ ਕਾਣਿ ਨ ਕੀਜੈ" ਅਨੁਸਾਰ ਚੱਲਦੇ ਹੋਏ ਆਪ ਜੀ ਨੇ ਆਪਣਾ ਸਭ ਕੁਝ ਗੁਰੂ-ਚਰਨਾਂ ਵਿਚ ਅਰਪਣ ਕਰ ਦਿੱਤਾ ਅਤੇ ਸ਼ਹੀਦੀ ਪ੍ਰਾਪਤ ਕੀਤੀ।

ਪੀਰ ਬੁੱਧੂ ਸ਼ਾਹ ਜੀ ਦਾ ਜਨਮ ੧੬੪੭ ਈ. ਨੂੰ ਸਢੌਰਾ ਵਿਖੇ ਹੋਇਆ। ਆਪ ਜੀ ਦਾ ਪਹਿਲਾ ਨਾਮ ਸੱਯਦ ਸ਼ਾਹ ਬਦਰੁੱਦੀਨ ਸੀ, ਕਿਉਂਕਿ ਆਪ ਰੱਜੇ-ਪੁੱਜੇ ਸੱਯਦ ਖਾਨਦਾਨ ਵਿਚੋਂ ਸਨ। ਘਰ ਦੇ ਵਿਚ ਅਮੀਰੀ ਹੋਣ ਦੇ ਬਾਵਜੂਦ ਵੀ "ਬਦਰੁੱਦੀਨ ਦਾ ਝੁਕਾਉ ਵਧੇਰੇ ਕਰਕੇ ਰੁਹਾਨੀਅਤ (spirituality) ਵੱਲ ਸੀ। ਉਸ ਅੰਦਰ ਰੱਬ ਨੂੰ ਪੂਜਣ ਦੀ ਤੀਬਰ ਇੱਛਾ ਸੀ। ਉਹ ਬਹੁਤ ਘੱਟ ਬੋਲਦਾ ਸੀ ਅਤੇ ਘਰੇਲੂ ਕੰਮਾਂ ਵਿਚ ਕੋਈ ਦਿਲਚਸਪੀ ਨਹੀਂ ਸੀ ਲੈਂਦਾ। ਇਸੇ ਕਰਕੇ ਸਢੌਰੇ ਦੇ ਵਸਨੀਕ ਬਦਰੁੱਦੀਨ ਨੂੰ ਬੁੱਧੂ ਕਹਿ ਕੇ ਬੁਲਾਉਣ ਲੱਗੇ।" ਵੱਡੇ ਹੋ ਕੇ ਆਪ ਪੀਰ ਬੁੱਧੂ ਸ਼ਾਹ ਜੀ ਦੇ ਨਾਮ ਨਾਲ ਜਾਣੇ ਜਾਣ ਲੱਗੇ। ਆਪ ਜੀ ਦਾ ਵਿਆਹ ਸੱਯਦ ਖਾਂ ਦੀ ਭੈਣ ਨਸੀਰਾਂ ਨਾਲ ਹੋਇਆ ਜਿਸ ਤੋਂ ਪਰਮਾਤਮਾ ਨੇ ਚਾਰ ਪੁੱਤਰਾਂ ਦੀ ਦਾਤ ਬਖਸ਼ੀ ਜਿਨ੍ਹਾਂ ਦੇ ਨਾਮ ਸਨ ਸੱਯਦ ਅਸ਼ਰਫ, ਸੱਯਦ ਮੁਹੰਮਦ ਸ਼ਾਹ, ਸੱਯਦ ਮੁਹੰਮਦ ਬਖਸ਼ ਅਤੇ ਸੱਯਦ ਸ਼ਾਹ ਹੁਸੈਨ।

ਆਪ ਜੀ ਬਚਪਨ ਤੋਂ ਹੀ ਸਾਧੂ ਸੁਭਾਅ ਦੇ ਹੋਣ ਕਰਕੇ ਹਮੇਸ਼ਾ ਅਧਿਆਤਮਿਕ ਹਸਤੀਆਂ ਦੀ ਸੰਗਤ ਕਰਨ ਦੇ ਇੱਛੁਕ ਰਹਿੰਦੇ। ਇਕ ਦਿਨ ਆਪ ਨੂੰ ਪਤਾ ਲੱਗਾ ਕਿ ਗੁਰੂ ਨਾਨਕ ਸਾਹਿਬ ਦੀ ਗੱਦੀ ਦੇ ਮਾਲਕ ਗੁਰੂ ਗੋਬਿੰਦ ਸਿੰਘ ਜੀ ਪਾਉਂਟਾ ਸਾਹਿਬ ਆਏ ਹਨ। ਆਪ ਗੁਰੂ ਜੀ ਦੇ ਦਰਸ਼ਨਾਂ ਨੂੰ ਜਾ ਪੁੱਜੇ। ਇਕ ਦਿਨ ਗੁਰੂ ਜੀ ਦਰਬਾਰ ਲਾ ਕੇ ਬੈਠੇ ਸਨ ਤਾਂ ਪੀਰ ਜੀ ਉੱਠ ਕੇ ਖੜ੍ਹੇ ਹੋ ਗਏ ਤਾਂ ਗੁਰੂ ਜੀ ਨੇ ਉਨ੍ਹਾਂ ਦਾ ਨਾਂ ਅਤੇ ਆਉਣ ਦਾ ਕਾਰਨ ਪੁੱਛਿਆ, ਜਿਸ ਤੇ ਪੀਰ ਜੀ ਨੇ ਨਿਮਰਤਾ ਸਹਿਤ

ਉੱਤਰ ਦਿੱਤਾ ਕਿ ਆਪ ਜੀ ਦੀ ਮਹਿਮਾ ਸੁਣ ਕੇ ਆਪ ਜੀ ਨੂੰ ਮਿਲਣ ਦਾ ਮਨ ਕਰ ਆਇਆ ਅਤੇ ਹੁਣ ਆਪ ਜੀ ਦੇ ਦਰਸ਼ਨ ਕਰਕੇ ਆਪ ਜੀ ਕੋਲ ਰਹਿਣ ਨੂੰ ਮਨ ਕਰ ਰਿਹਾ ਹੈ[੧੬]।

ਪੀਰ ਬੁੱਧੂ ਸ਼ਾਹ ਜੀ ਨੇ ਗੁਰੂ ਸਾਹਿਬ ਜੀ ਨਾਲ ਆਤਮਾ ਅਤੇ ਪਰਮਾਤਮਾ ਬਾਰੇ ਹੋਰ ਬਹੁਤ ਸਾਰੀ ਚਰਚਾ ਕੀਤੀ ਅਤੇ ਗੁਰੂ ਜੀ ਦੀ ਸੰਗਤ ਵਿਚ ਰਹਿ ਕੇ ਉਨ੍ਹਾਂ ਦਾ ਮਨ ਸ਼ਾਂਤ ਹੋ ਗਿਆ। ਕੁਝ ਚਿਰ ਇਵੇਂ ਹੀ ਅਧਿਆਤਮਿਕ ਰਸ ਪੀਣ ਤੋਂ ਬਾਅਦ ਪੀਰ ਬੁੱਧੂ ਸ਼ਾਹ ਜੀ ਵਾਪਸ ਸਢੌਰੇ ਆ ਗਏ।

ਸਢੌਰੇ ਰਹਿੰਦਿਆਂ ਜਦੋਂ ਕੁਝ ਸਮਾਂ ਬੀਤਿਆ ਤਾਂ ਇਕ ਦਿਨ ਬਾਦਸ਼ਾਹ ਔਰੰਗਜ਼ੇਬ ਦੀ ਫੌਜ ਦੇ ਪੰਜ ਸੌ ਸਿਪਾਹੀ ਆਪ ਜੀ ਕੋਲ ਆਏ ਤੇ ਬੇਨਤੀ ਕੀਤੀ ਕਿ ਬਾਦਸ਼ਾਹ ਨੇ ਸਾਨੂੰ ਫੌਜ ਵਿਚੋਂ ਕੱਢ ਦਿੱਤਾ ਹੈ ਅਤੇ ਨਾਲ ਹੀ ਇਹ ਵੀ ਹੁਕਮ ਕਰ ਦਿੱਤਾ ਹੈ ਕਿ ਕੋਈ ਵੀ ਇਨ੍ਹਾਂ ਨੂੰ ਨੌਕਰੀ ਤੇ ਨਾ ਰੱਖੇ। ਇਸ ਕਰਕੇ ਅਸੀਂ ਹੁਣ ਰੋਜ਼ੀ-ਰੋਟੀ ਤੋਂ ਲਾਚਾਰ ਹੋ ਗਏ ਹਾਂ ਅਤੇ ਅਸੀਂ ਆਪਣੀਆਂ ਪਹਿਨਣ ਤੇ ਖਾਣ-ਪੀਣ ਦੀਆਂ ਸਾਰੀਆਂ ਵਸਤੂਆਂ ਖਰਚ ਕਰ ਦਿੱਤੀਆਂ ਹਨ। ਹੁਣ ਤਾਂ ਸਾਡੀ ਹਥਿਆਰ ਤਕ ਵੇਚਣ ਦੀ ਨੌਬਤ ਵੀ ਆ ਗਈ ਹੈ। ਸਾਡੇ ਤੇ ਰਹਿਮ ਕਰੋ ਤੇ ਸਾਨੂੰ ਅਜਿਹੇ ਵਿਅਕਤੀ ਕੋਲ ਨੌਕਰੀ ਤੇ ਰਖਵਾਓ ਜੋ ਔਰੰਗਜ਼ੇਬ ਤੋਂ ਨਾ ਡਰੇ। ਸਾਨੂੰ ਤਾਂ ਅਜਿਹਾ ਕੋਈ ਵੀ ਵਿਅਕਤੀ ਨਜ਼ਰ ਨਹੀਂ ਆ ਰਿਹਾ। ਇਹ ਸੁਣ ਕੇ ਪੀਰ ਜੀ ਸੋਚ ਵਿਚ ਪੈ ਗਏ ਅਤੇ ਕੁਝ ਚਿਰ ਸੋਚ ਕੇ ਕਿਹਾ ਅਜਿਹੀ ਇਕੋ ਹੀ ਸ਼ਖ਼ਸੀਅਤ ਹੈ ਜੋ ਕਿ ਕਿਸੇ ਦੁਨਿਆਵੀ ਬਾਦਸ਼ਾਹ ਤੋਂ ਨਹੀਂ ਡਰਦੇ ਅਤੇ ਤੁਹਾਨੂੰ ਸਾਰਿਆਂ ਨੂੰ ਨੌਕਰੀ ਵੀ ਦੇ ਸਕਦੇ ਹਨ। ਉਨ੍ਹਾਂ ਦਾ ਇਸ਼ਾਰਾ ਗੁਰੂ ਨਾਨਕ ਸਾਹਿਬ ਜੀ ਦੀ ਗੱਦੀ ਦੇ ਮਾਲਕ ਗੁਰੂ ਗੋਬਿੰਦ ਸਿੰਘ ਜੀ ਵੱਲ ਸੀ[੧੭]।

ਪੀਰ ਬੁੱਧੂ ਸ਼ਾਹ ਜੀ ਉਨ੍ਹਾਂ ਨੂੰ ਪਾਉਂਟਾ ਸਾਹਿਬ ਗੁਰੂ ਜੀ ਕੋਲ ਲੈ ਆਏ ਅਤੇ ਉਨ੍ਹਾਂ (ਗੁਰੂ ਜੀ) ਨੂੰ ਬੇਕਾਰ ਹੋਏ ਪਠਾਣ ਸਿਪਾਹੀਆਂ ਨੂੰ ਨੌਕਰੀ ਤੇ ਰੱਖਣ ਲਈ ਬੇਨਤੀ ਕੀਤੀ। ਗੁਰੂ ਜੀ ਮੰਨ ਗਏ ਅਤੇ ਉਨ੍ਹਾਂ ਸਾਰਿਆਂ ਨੂੰ ਆਪਣੀ ਫੌਜ ਵਿਚ ਨੌਕਰੀ ਦੇ ਦਿੱਤੀ। ਉਨ੍ਹਾਂ ਵਿਚ "ਚਾਰ ਸਰਦਾਰਾਂ ਕਾਲੇ ਖਾਂ, ਭੀਖਮ ਖਾਂ, ਨਿਜਾਬਤ ਖਾਂ ਅਤੇ

[16] ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਿਤੁ ੧ ਅੰਸੂ ੪੯, ਪੰਨਾ ੪੬੮੬

[17] ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ – ਰਿਤੁ ੨ ਅੰਸੂ ੧, ਪੰਨਾ ੪੬੯੯

ਉਮਰ ਖਾਂ ਨੂੰ ਤਾਂ ਪੰਜ ਰੁਪਏ ਪ੍ਰਤੀ ਦਿਨ ਅਤੇ ਬਾਕੀ ਸਾਰਿਆਂ ਨੂੰ ਇਕ ਰੁਪਈਆ ਪ੍ਰਤੀ ਦਿਨ ਦੇ ਹਿਸਾਬ ਨਾਲ ਨੌਕਰ ਰੱਖਿਆ ਗਿਆ।"

ਗੁਰੂ ਸਾਹਿਬ ਪਾਉਂਟੇ ਦੀ ਧਰਤੀ ਤੇ ਸਿੱਖ ਸਿਪਾਹੀਆਂ ਨੂੰ ਯੁੱਧ ਸਿੱਖਿਆ ਦਿੰਦੇ ਅਤੇ ਸ਼ਿਕਾਰ ਖੇਡਦੇ। ਇਸ ਦੇ ਨਾਲ ਹੀ ਇਸ ਧਰਤੀ ਤੇ ਬਹੁਤ ਸਾਰਾ ਸਾਹਿਤ ਵੀ ਲਿਖਿਆ। ਪਰ ਗੁਰੂ ਸਾਹਿਬ ਸੰਬੰਧੀ ਪਹਾੜੀ ਰਾਜਿਆਂ ਵਿਚ ਬਹੁਤ ਸਾਰੇ ਭੁਲੇਖੇ ਪਾਏ ਗਏ ਤੇ ਉਹ ਲਗਾਤਾਰ ਗੁਰੂ ਜੀ ਦੀ ਸ਼ਕਤੀ ਨੂੰ ਘੱਟ ਕਰਨ ਦੇ ਜਤਨਾਂ ਵਿਚ ਲੱਗੇ ਰਹਿੰਦੇ। ਬਿਲਾਸਪੁਰ ਦੇ ਰਾਜੇ ਭੀਮ ਚੰਦ ਨੇ ਇਸ ਕੰਮ ਵਿਚ ਅਗਵਾਈ ਕੀਤੀ। ਉਸ ਨੇ ਆਪਣੇ ਕੁੜਮ ਸ੍ਰੀ ਨਗਰ (ਗੜ੍ਹਵਾਲ) ਦੇ ਰਾਜੇ ਫਤਿਹ ਸ਼ਾਹ ਨੂੰ ਵੀ ਇਸ ਕੰਮ ਵਿਚ ਨਾਲ ਚੱਲਣ ਲਈ ਪ੍ਰੇਰਿਆ। ਰਾਜਾ ਫਤਿਹ ਸ਼ਾਹ ਗੁਰੂ ਜੀ ਦਾ ਸ਼ਰਧਾਲੂ ਹੋਣ ਕਰਕੇ ਭੀਮ ਚੰਦ ਨੂੰ ਇਸ ਕੰਮ ਤੋਂ ਪ੍ਰਹੇਜ਼ ਕਰਨ ਲਈ ਕਹਿੰਦਾ ਰਿਹਾ। ਪਰ ਉਸ ਨੂੰ ਭੀਮ ਚੰਦ ਦੇ ਅੜੀਅਲ ਵਤੀਰੇ ਅਤੇ ਰਿਸ਼ਤੇਦਾਰੀ ਕਾਰਨ ਨਾਲ ਚੱਲਣ ਲਈ ਮਜਬੂਰ ਹੋਣਾ ਪਿਆ[੧੮]।

ਜਦੋਂ ਗੁਰੂ ਜੀ ਤੇ ਰਾਜਾ ਭੀਮ ਚੰਦ ਵਿਚਕਾਰ ਲੜਾਈ ਦੀ ਤਿਆਰੀ ਹੋਣ ਲੱਗੀ ਤਾਂ ਗੁਰੂ ਜੀ ਦੁਆਰਾ ਪੀਰ ਬੁੱਧੂ ਸ਼ਾਹ ਜੀ ਦੀ ਸਿਫਾਰਸ਼ ਤੇ ਭਰਤੀ ਕੀਤੇ ਹੋਏ ਪਠਾਣ ਪਿੱਛੇ ਹੱਟਣ ਲੱਗੇ। ਉਹ ਵਾਰ ਵਾਰ ਗੁਰੂ ਜੀ ਤੋਂ ਵਿਦਾਇਗੀ ਲੈਣ ਦੀ ਗੱਲ ਕਰਨ ਲੱਗੇ ਅਤੇ ਇਸ ਲਈ ਉਨ੍ਹਾਂ ਆਪਣੇ ਸਾਕ-ਸੰਬੰਧੀਆਂ ਦੇ ਵਿਆਹਾਂ ਦਾ ਬਹਾਨਾ ਬਣਾਇਆ। ਜਦੋਂ ਉਹ ਇਸ ਗੱਲ ਤੇ ਅੜ ਹੀ ਗਏ ਤਾਂ ਗੁਰੂ ਜੀ ਨੇ ਉਨ੍ਹਾਂ ਨੂੰ ਰੁਕਣ ਲਈ ਜ਼ਿਆਦਾ ਜ਼ੋਰ ਨਾ ਲਗਾਇਆ ਪਰ ਉਨ੍ਹਾਂ ਵਿਚੋਂ ਇਕ ਪਠਾਣ ਸਰਦਾਰ ਕਾਲੇ ਖ਼ਾਂ ਗੁਰੂ ਜੀ ਦਾ ਸਾਥ ਛੱਡਣ ਲਈ ਤਿਆਰ ਨਾ ਹੋਇਆ। ਗੁਰੂ ਜੀ ਨੇ ਪੀਰ ਬੁੱਧੂ ਸ਼ਾਹ ਜੀ ਕੋਲ ਇਕ ਪੱਤਰ ਰਾਹੀਂ ਇਸ ਗੱਲ ਤੇ ਗਿਲ਼ਾ ਵੀ ਕੀਤਾ ਕਿ "ਤੇਰੇ ਨੌਕਰ ਕਰਵਾਏ ਪਠਾਣ ਸਾਡੇ ਕੋਲੋਂ ਤਨਖਾਹ ਲੈਂਦੇ ਰਹੇ, ਪਰ ਲੋੜ ਸਮੇਂ ਉਹ ਸਾਨੂੰ ਦਗ਼ਾ (cheat) ਦੇ ਗਏ ਹਨ ਤੇ ਪਿੱਠ ਦਿਖਾ ਗਏ ਹਨ। ਸ਼ਾਇਦ ਉਹ ਪਹਾੜੀ ਰਾਜਿਆਂ ਦੀਆਂ ਬੇਸ਼ੁਮਾਰ ਫੌਜ਼ਾਂ ਤੋਂ ਡਰ ਗਏ ਹਨ। ਇਹ ਤਾਂ ਕਾਇਰ ਸਾਡੀਆਂ ਫੌਜਾਂ ਵਿਚ ਆ ਰਲ਼ੇ ਸਨ[੧੯]।"

ਜਦੋਂ ਬੁੱਧੂ ਸ਼ਾਹ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਵੀ ਤੁਰੰਤ ਆਪਣੇ ਪੁੱਤਰਾਂ ਅਤੇ ਮੁਰੀਦਾਂ ਸਮੇਤ ਗੁਰੂ ਜੀ ਕੋਲ ਆਉਣ ਦੀ ਤਿਆਰੀ ਕਰਨ ਲੱਗੇ। ਜਦੋਂ

[18] ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ - ਰਿਤੁ ੨ ਅੰਸੂ ੨੦, ਪੰਨਾ ੪੭੭੨

[19] ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ - ਰਿਤੁ ੨ ਅੰਸੂ ੨੨, ਪੰਨਾ ੪੭੯੦-੯੧

ਪੀਰ ਬੁੱਧੂ ਸ਼ਾਹ ਜੀ ਪਹੁੰਚੇ ਤਾਂ ਭੰਗਾਣੀ ਦੇ ਸਥਾਨ ਤੇ ਘਮਸਾਣ ਦਾ ਯੁੱਧ ਚੱਲ ਰਿਹਾ ਸੀ। ਪੀਰ ਬੁੱਧੂ ਸ਼ਾਹ ਜੀ ਤੁਰੰਤ ਲੜਾਈ ਦੇ ਮੈਦਾਨ ਵਿਚ ਦੁਸ਼ਮਣ ਦੀਆਂ ਫੌਜਾਂ ਵਿਰੁੱਧ ਡਟ ਗਏ। ਉਨ੍ਹਾਂ ਦੇ ਪੁੱਤਰਾਂ ਅਤੇ ਮੁਰੀਦਾਂ ਨੇ ਲੜਾਈ ਦੇ ਮੈਦਾਨ ਵਿਚ ਬਹੁਤ ਬਹਾਦਰੀ ਦਿਖਾਈ। ਗੁਰੂ ਜੀ ਉਨ੍ਹਾਂ ਦੀ ਦ੍ਰਿੜ੍ਹਤਾ ਅਤੇ ਨਿਸ਼ਚੇ ਨੂੰ ਵੇਖ ਕੇ ਬਹੁਤ ਖੁਸ਼ ਹੋਏ, ਕਿਉਂਕਿ ਉਹ ਕੋਈ ਬਹਾਦੁਰ ਸਿਪਾਹੀ ਨਹੀਂ ਸਨ। ਪੀਰ ਬੁੱਧੂ ਸ਼ਾਹ ਜੀ ਦੇ ਦੋ ਸਪੁੱਤਰ ਅਤੇ ਅਨੇਕਾਂ ਮੁਰੀਦ ਜੰਗ ਵਿਚ ਸ਼ਹੀਦ ਹੋ ਗਏ ਪਰ ਉਨ੍ਹਾਂ ਨੇ ਸ਼ਹੀਦ ਹੋਣ ਤੋਂ ਪਹਿਲਾਂ ਦੁਸ਼ਮਣ ਦੇ ਬਹੁਤ ਸਾਰੇ ਸੈਨਿਕਾਂ ਨੂੰ ਵੀ ਸਦਾ ਦੀ ਨੀਂਦ ਸੁਆ ਦਿੱਤਾ। ਅਖੀਰ ਜਿੱਤ ਗੁਰੂ ਜੀ ਦੀ ਹੋਈ। ਉਨ੍ਹਾਂ ਨੇ ਪੀਰ ਬੁੱਧੂ ਸ਼ਾਹ ਜੀ ਦਾ ਵੇਲੇ ਸਿਰ ਸਹਾਇਤਾ ਦੇਣ ਕਰਕੇ ਧੰਨਵਾਦ ਕੀਤਾ। ਉਨ੍ਹਾਂ ਨੇ ਇਸ ਮਹਾਨ ਕਾਰਜ ਦੇ ਬਦਲੇ ਅਤੇ ਪਿਆਰ ਦੀ ਪਈ ਇਸ ਸਾਂਝ ਉੱਤੇ ਸਦੀਵੀ ਮੋਹਰ ਲਾਉਂਦੇ ਹੋਏ, ਪੀਰ ਬੁੱਧੂ ਸ਼ਾਹ ਜੀ ਨੂੰ "ਇਕ ਸੁੰਦਰ ਪੁਸ਼ਾਕ ਅਤੇ ਇਕ ਆਪਣੇ ਹੱਥੀਂ ਲਿਖਿਆ ਹੁਕਮਨਾਮਾ ਬਖਸ਼ਿਆ। ਆਪਣੀ ਅੱਧੀ ਦਸਤਾਰ (ਪੱਗ) ਭੀ ਦੇ ਦਿੱਤੀ। ਪਰ ਬੁੱਧੂ ਸ਼ਾਹ ਜੀ ਨੇ ਉਹ ਕੰਘਾ ਆਪ ਮੰਗ ਕੇ ਲੈ ਲਿਆ ਜੋ ਉਸ ਵੇਲੇ ਸਤਿਗੁਰੂ ਜੀ ਵਰਤ ਕੇ ਹਟੇ ਹੀ ਸਨ ਅਤੇ ਜਿਸ ਵਿਚ ਕੁਝ ਕੇਸ ਪਏ ਹੋਏ ਸਨ।" ਜਦ ਪੀਰ ਬੁਧੂ ਸ਼ਾਹ ਅਪਨੇ ਘਰ ਸਢੋਰੇ ਪਹੁੰਚੇ ਤਾਂ ਉਨ੍ਹਾਂ ਦੀ ਪਤਨੀ ਨਸੀਰਾਂ ਨੇ ਦੋ ਸ਼ਹੀਦ ਹੋਏ ਪੁਤਰਾਂ ਬਾਰੇ ਪੁਛਿਆ ਤਾਂ ਪੀਰ ਜੀ ਨੇ ਸਤਿਗੁਰਾਂ ਦੀ ਚਰਨ ਧੂੜ ਨਸੀਰਾਂ ਦੇ ਮੱਥੈ ਨੂੰ ਲਾਈ ਤਾਂ ਨਸੀਰਾਂ ਨੇ ਦੇਖਿਆ ਕਿ ਉਸਦੇ ਦੋਵੇਂ ਸ਼ਹੀਦ ਹੋਏ ਪੁਤਰਾਂ ਦਾ ਪਰਲੋਕ ਵਿੱਚ ਬਹੁਤ ਹੀ ਸਤਿਕਾਰ ਜੋ ਰਿਹਾ ਹੈ। ਇਹ ਦੇਖ ਕੇ ਕਹਿਣ ਲੱਗੀ 'ਹੇ ਖੁਦਾ! ਆਪ ਜੀ ਦਾ ਸ਼ੁਕਰਾਨਾ ਹੈ, ਕਿ ਮੇਰੀ ਕੁਖ ਨੂੰ ਸਫ਼ਲਾ ਕੀਤਾ'।

ਗੁਰੂ ਸਾਹਿਬ ਜੀ ਪੀਰ ਬੁੱਧੂ ਸ਼ਾਹ ਜੀ ਦੇ ਪ੍ਰੇਮ ਅਤੇ ਸ਼ਰਧਾ ਤੋਂ ਬਹੁਤ ਖੁਸ਼ ਸਨ, ਇਸ ਕਰਕੇ ਉਹ ਪੀਰ ਜੀ ਨੂੰ ਮਿਲਣ ਵਾਸਤੇ ਉਨ੍ਹਾਂ ਕੋਲ, ਇਕ ਤੋਂ ਵੱਧ ਵਾਰ, ਸਢੌਰੇ ਵੀ ਗਏ।ਇਸੇ ਕਰਕੇ ਪੀਰ ਬੁੱਧੂ ਸ਼ਾਹ ਜੀ ਦੀ ਪਤਨੀ ਨਸੀਰਾਂ ਵੀ ਗੁਰੂ ਸਾਹਿਬ ਜੀ ਦਾ ਬਹੁਤ ਸਤਕਾਰ ਕਰਦੀ ਸੀ। ਕਿਹਾ ਜਾਂਦਾ ਹੈ ਕਿ ਪੀਰ ਬੁੱਧੂ ਸ਼ਾਹ ਜੀ ਦੀ ਪਤਨੀ ਦਾ ਭਰਾ ਸੱਯਦ ਖਾਂ ਦਿੱਲੀ ਦੇ ਬਾਦਸ਼ਾਹ ਦੇ ਦਰਬਾਰ ਵਿਚ ਲੱਗਾ ਹੋਇਆ ਸੀ ਅਤੇ ਭੰਗਾਣੀ ਦੇ ਯੁੱਧ ਤੋਂ ਪਿੱਛੋਂ ਪਹਾੜੀ ਰਾਜਿਆਂ ਦੁਆਰਾ ਪੀਰ ਬੁੱਧੂ ਸ਼ਾਹ ਜੀ ਦੇ ਖਿਲਾਫ਼ ਲਿਖਤੀ ਸ਼ਿਕਾਇਤ ਵੀ ਇਸੇ ਨੇ ਦਬਾ ਲਈ ਸੀ। ਜਿਸ ਵੇਲੇ ਇਹੀ ਸੱਯਦ ਖਾਂ ਗੁਰੂ ਜੀ ਦੇ ਖਿਲਾਫ਼ (against) ਹਮਲਾਵਾਰ ਹੋਕੇ ਅਨੰਦਪੁਰ ਸਾਹਬਿ ਨੂੰ ਜਾ ਰਿਹਾ ਸੀ ਤਾਂ ਸਢੌਰੇ ਆਪਣੀ ਭੈਣ ਨਸੀਰਾਂ ਨੂੰ ਵੀ ਮਿਲਣ ਆਇਆ। ਜਦੋਂ

ਗੁਰੂ ਜੀ ਦੀ ਸ਼ਰਧਾਲੂ ਨਸੀਰਾਂ ਨੂੰ ਇਹ ਪਤਾ ਲੱਗਾ ਕਿ ਉਸ ਦਾ ਭਰਾ ਗੁਰੂ ਜੀ ਦੇ ਖਿਲਾਫ਼ ਜੰਗ ਤੇ ਨਿਕਲਿਆ ਹੈ ਤਾਂ ਉਸ ਨੇ ਆਪਣੇ ਭਰਾ ਨੂੰ ਗੁਰੂ ਜੀ ਦੇ ਖਿਲਾਫ਼ ਕਰਨ ਵਾਲੇ ਕਿਸੇ ਵੀ ਕੰਮ ਤੋਂ ਵਰਜਿਆ। ਪਰ ਜਦੋਂ ਸੱਯਦ ਖਾਂ ਨੇ ਆਪਣੀ ਭੈਣ ਦੀ ਗੱਲ ਵੱਲ ਕੋਈ ਧਿਆਨ ਨਾ ਦਿੱਤਾ ਤਾਂ ਪੀਰ ਬੁੱਧੂ ਸ਼ਾਹ ਜੀ ਨੇ ਸੱਯਦ ਖਾਂ ਨੂੰ ਗੁਰੂ ਜੀ ਦੀ ਅਧਿਆਤਮਿਕ ਸ਼ਕਤੀ ਬਾਰੇ ਚਾਨਣਾ ਪਾਇਆ। ਇਸ ਗੱਲ ਨੂੰ ਸੱਯਦ ਖਾਂ ਨੇ ਉਦੋਂ ਮੰਨਿਆ ਜਦੋਂ ਉਸ ਦੇ ਸਾਹਮਣੇ ਘੋੜੇ ਤੇ ਸਵਾਰ ਹੋਏ ਇਕੱਲਾ ਹੀ ਗੁਰੂ ਸਾਹਿਬ ਜੀ ਨੇ ਜੰਗ ਵਸਤੇ ਵੰਗਾਰਿਆ ਤਾਂ ਸੱਯਦ ਖਾਂ ਸਤਿਗੁਰਾਂ ਦਾ ਰੂਹਾਨੀ ਜ਼ਲਾਲ ਦੇਖ ਕੇ ਚਰਨਾ ਤੇ ਡਿੱਗ ਪਿਆ ਅਤੇ ਬੇਨਤੀ ਕੀਤੀ ‘ਹੇ ਖ਼ੁਦਾ! ਆਪ ਜੀ ਦੇ ਦਰਸ਼ਨ ਕਰਕੇ ਮੈਂ ਨਿਹਾਲ ਹੋ ਗਿਆ, ਤਲਵਾਰ ਤਾਂ ਕੀ ਆਪ ਜੀ ਵਲ ਦੇਖਣ ਦੀ ਹਿੰਮਤ ਵੀ ਨਹੀ ਹੈ, ਮੇਰੀ ਖ਼ਤਾ (fault) ਨੂੰ ਬਖ਼ਸ਼ ਲੋ’। ਸਤਿਗੁਰਾਂ ਦੇ ਅਧਿਆਤਮਿਕ ਤੇਜ ਦੇ ਪ੍ਰਭਾਵ ਸਦਕਾ ਉਨ੍ਹਾਂ ਦਾ ਪ੍ਰਸ਼ੰਸਕ ਅਤੇ ਸ਼ਰਧਾਲੂ ਬਣ ਗਿਆ। ਉਸ ਨੇ ਗੁਰੂ ਜੀ ਵਿਰੁੱਧ ਜੰਗ ਵਿਚ ਹਿੱਸਾ ਲੈਣ ਤੋਂ ਇਨਕਾਰ ਕਰ ਦਿਤਾ।

ਉਸਮਾਨ ਖਾਂ ਜੋ ਕਿ ਪੀਰ ਬੁੱਧੂ ਸ਼ਾਹ ਜੀ ਦੇ ਗੁਰੂ ਜੀ ਨਾਲ ਸੰਬੰਧਾਂ ਕਰਕੇ ਬੜਾ ਔਖਾ ਸੀ, ਉਹ ਹਮੇਸ਼ਾ ਪੀਰ ਜੀ ਦਾ ਨੁਕਸਾਨ ਕਰਨ ਬਾਰੇ ਸੋਚਦਾ ਰਹਿੰਦਾ ਅਤੇ ਤਰ੍ਹਾਂ ਤਰ੍ਹਾਂ ਦੀਆਂ ਵਿਉਂਤਾਂ ਘੜਦਾ ਰਹਿੰਦਾ ਸੀ। ਪਰ ਉਹ ਆਪਣੇ ਮਿਸ਼ਨ ਵਿਚ ਕਦੇ ਵੀ ਕਾਮਯਾਬ ਨਾ ਹੋ ਸਕਿਆ। ਇਸ ਦਾ ਇਕ ਕਾਰਨ ਇਹ ਵੀ ਸੀ ਕਿ ਸਢੌਰੇ ਦੇ ਮੁਸਲਮਾਨ ਪੀਰ ਜੀ ਦੀ ਬਹੁਤ ਜ਼ਿਆਦਾ ਇੱਜ਼ਤ ਕਰਦੇ ਸਨ ਅਤੇ ਉਸਮਾਨ ਖਾਂ ਨੂੰ ਉਨ੍ਹਾਂ ਦੀ ਬਗ਼ਾਵਤ ਦਾ ਖ਼ਤਰਾ ਹਮੇਸ਼ਾ ਬਣਿਆ ਰਹਿੰਦਾ। ਪਰ ਜਦੋਂ ਗੁਰੂ ਗੋਬਿੰਦ ਸਿੰਘ ਜੀ ਸਮੇਂ ਦੇ ਜਬਰ ਅਤੇ ਜ਼ੁਲਮ ਦੇ ਖਿਲਾਫ਼ ਸੰਘਰਸ਼ ਕਰ ਰਹੇ ਸਨ ਅਤੇ ਪਹਿਲਾਂ ਆਨੰਦਪੁਰ ਸਾਹਿਬ ਫਿਰ ਚਮਕੌਰ ਦੀ ਗੜ੍ਹੀ ਵਿਚ ਭਿਆਨਕ ਯੁੱਧ ਹੋਏ, ਜਿਸ ਵਿਚ ਸਮੇਂ ਦੀ ਹਕੂਮਤ ਨੇ ਗੁਰੂ ਸਾਹਿਬ ਜੀ ਦੀ ਸ਼ਕਤੀ ਨੂੰ ਖਤਮ ਕਰਨ ਲਈ ਪੂਰਾ ਜ਼ੋਰ ਲਾ ਰੱਖਿਆ ਸੀ। ਇਸ ਸੰਘਰਸ਼ ਵਿਚ ਗੁਰੂ ਸਾਹਿਬ ਜੀ ਦੇ ਛੋਟੇ ਸਾਹਿਬਜ਼ਾਦੇ ਸਰਹਿੰਦ ਦੇ ਨਵਾਬ ਦੀ ਈਨ ਨਾ ਮੰਨੀ ਜਿਸ ਕਾਰਨ ਬੇ-ਰਹਿਮੀ (merciless) ਨਾਲ ਸ਼ਹੀਦ ਕੀਤੇ ਅਤੇ ਵੱਡੇ ਸਾਹਿਬਜ਼ਾਦੇ ਵੀ ਬਹਾਦਰੀ ਨਾਲ ਲੜਦੇ ਹੋਏ ਚਮਕੌਰ ਦੀ ਗੜ੍ਹੀ ਵਿਖੇ ਸ਼ਹੀਦ ਹੋ ਗਏ। ਇਹ ਉਹ ਸਮਾਂ ਸੀ ਜਦੋਂ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸ਼ਰਧਾਲੂ ਸਿੱਖਾਂ ਨੂੰ ਖਤਮ ਕਰਨ ਲਈ ਵੱਡੇ ਪੈਮਾਨੇ ਤੇ ਯੋਜਨਾ ਤਿਆਰ ਕੀਤੀ ਗਈ। ਉਸਮਾਨ ਖਾਂ ਸਹੀ ਮੌਕਾ ਜਾਣ ਕੇ ਸਢੌਰੇ ਆ ਗਿਆ ਅਤੇ ਪੀਰ ਜੀ ਦੇ ਖਿਲਾਫ਼ ਵੀ ਅਜਿਹੀਆਂ ਸਾਜ਼ਿਸ਼ਾਂ ਹੋਰ ਤੇਜ਼ ਕਰ ਦਿੱਤੀਆਂ ਜਿੰਨ੍ਹਾਂ

ਨਾਲ ਕਿ ਪਹਿਲਾਂ ਤਾਂ ਪੀਰ ਜੀ ਦੇ ਲੋਕਾਂ ਤੇ ਪੈ ਰਹੇ ਪ੍ਰਭਾਵ ਨੂੰ ਘੱਟ ਕੀਤਾ ਜਾ ਸਕੇ ਫਿਰ ਹੌਲੀ ਹੌਲੀ ਉਨ੍ਹਾਂ ਨੂੰ ਖਤਮ ਕੀਤਾ ਜਾ ਸਕੇ।

ਉਸਮਾਨ ਖਾਂ ਲਈ ਇਹ ਸਮਾਂ ਬਹੁਤ ਹੀ ਢੁਕਵਾਂ ਸੀ, ਕਿਉਂਕਿ ਗੁਰੂ ਜੀ ਦੇ ਹੱਕ ਵਿਚ ਬੋਲਣ ਵਾਲੇ ਲੋਕ ਉਸ ਵੇਲੇ ਬਹੁਤ ਘੱਟ-ਗਿਣਤੀ ਵਿਚ ਸਨ ਅਤੇ ਕੋਈ ਵੀ ਵਿਅਕਤੀ ਖੁੱਲ੍ਹ ਕੇ ਗੁਰੂ ਜੀ ਦੀ ਹਮਾਇਤ ਨਹੀਂ ਸੀ ਕਰਨਾ ਚਾਹੁੰਦਾ। ਉਸਮਾਨ ਖਾਂ ਨੇ ਪੀਰ ਜੀ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ ਅਤੇ ਇਕ ਦਿਨ ਜੰਗਲ ਵਿਚ ਲਿਜਾ ਕੇ ਤਸੀਹੇ ਦੇ ਕੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ। ਪੀਰ ਜੀ ਤੇ ਉਸਮਾਨ ਖਾਂ ਦੁਆਰਾ ਕੀਤੇ ਜ਼ੁਲਮਾਂ ਦਾ ਸਢੌਰੇ ਵਾਸੀਆਂ ਨੂੰ ਕਾਫੀ ਸਦਮਾ ਪਹੁੰਚਿਆ ਜਿਸ ਵਿਚ ਪੀਰ ਜੀ ਦੇ ਅਨਿੰਨ ਸ਼ਰਧਾਲੂ ਅਤੇ ਹਿੰਦੂ ਸ਼ਾਮਲ ਸਨ ਪਰ ਉਹ ਆਪਣੀ ਜਾਨ ਦੇ ਡਰੋਂ ਖੁੱਲ੍ਹ ਕੇ ਵਿਰੋਧ ਪ੍ਰਗਟ ਕਰਨ ਤੋਂ ਅਸਮਰੱਥ ਸਨ।

ਇਸ ਦਾ ਸਬੂਤ ਸਾਨੂੰ ਇਸ ਗੱਲ ਤੋਂ ਮਿਲਦਾ ਹੈ ਜਦੋਂ ਬੰਦੇ ਦੇ ਪੰਜਾਬ ਆਗਮਨ ਤੇ ਸਢੌਰੇ ਦੇ ਵਸਨੀਕਾਂ ਨੇ ਉਸ ਨੂੰ ਉਸਮਾਨ ਖਾਂ ਦੁਆਰਾ ਪੀਰ ਜੀ ਉੱਤੇ ਕੀਤੇ ਜ਼ੁਲਮਾਂ ਦੀ ਦਾਸਤਾਨ ਸੁਣਾਈ ਕਿ ਇਸ ਨੇ "ਸਢੌਰੇ ਦੇ ਨਾਮਵਰ ਮੁਸਲਮਾਨ ਪੀਰ ਸੱਯਦ ਬਦਰੁੱਦੀਨ ਸ਼ਾਹ ਨੂੰ (ਜੋ ਇਤਿਹਾਸ ਵਿਚ ਸੱਯਦ ਪੀਰ ਬੁੱਧੂ ਸ਼ਾਹ ਦੇ ਨਾਉਂ ਨਾਲ ਪ੍ਰਸਿੱਧ ਹੈ) ਕੇਵਲ ਇਸ ਕਰਕੇ ਤਸੀਹੇ ਦੇ ਕੇ ਮਰਵਾ ਦਿੱਤਾ ਸੀ ਕਿ ਉਸ ਨੇ ਭੰਗਾਣੀ ਦੇ ਯੁੱਧ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਸਹਾਇਤਾ ਕੀਤੀ ਸੀ।" ਇਹ ਸੁਣ ਕੇ ਬਾਬਾ ਬੰਦਾ ਸਿੰਘ ਬਹਾਦਰ ਦਾ ਖੂਨ ਖੌਲ ਉੱਠਿਆ ਅਤੇ ਉਸ ਨੇ ਸਢੌਰੇ ਤੇ ਹਮਲਾ ਕਰ ਦਿੱਤਾ। ਇਸ ਲੜਾਈ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੇ ਸਾਥੀਆਂ ਤੋਂ ਇਲਾਵਾ ਸਢੌਰੇ ਦੇ ਉਹ ਵਸਨੀਕ ਵੀ ਸ਼ਾਮਲ ਸਨ, ਜਿਨ੍ਹਾਂ ਉੱਤੇ ਉਸਮਾਨ ਖਾਂ ਅਤੇ ਉਸ ਦੇ ਦੂਜੇ ਹਾਕਮ ਸਾਥੀਆਂ ਨੇ ਅਸਹਿ ਅਤੇ ਅਕਹਿ ਜ਼ੁਲਮ ਕੀਤੇ ਸਨ। ਹਾਕਮ ਨੂੰ ਬਾਬਾ ਬੰਦਾ ਸਿੰਘ ਬਹਾਦਰ ਨੇ ਸਖ਼ਤ (heavy) ਸਜ਼ਾਵਾਂ (punishment) ਦਿੱਤੀਆਂ। ਆਮ ਲੋਕਾਂ ਨੇ ਰਾਹਤ ਮਹਿਸੂਸ ਕੀਤੀ ਅਤੇ ਉਨ੍ਹਾਂ ਦੇ ਮਨਾਂ ਵਿਚ ਬਾਬਾ ਬੰਦਾ ਸਿੰਘ ਬਹਾਦਰ ਪ੍ਰਤੀ ਅਥਾਹ ਸ਼ਰਧਾ ਅਤੇ ਸਤਕਾਰ ਦੀ ਭਾਵਨਾ ਪੈਦਾ ਹੋ ਗਈ। ਇਸ ਸਮੇਂ ਪੀਰ ਬੁੱਧੂ ਸ਼ਾਹ ਜੀ ਭਾਵੇਂ ਸਰੀਰਕ ਰੂਪ ਵਿਚ ਮੌਜੂਦ ਨਹੀਂ ਸਨ ਪਰ ਉਨ੍ਹਾਂ ਦੁਆਰਾ ਦਿਖਾਈ ਗਈ ਪਿਆਰ ਅਤੇ ਸਤਕਾਰ ਦੀ ਜੋਤ ਹਮੇਸ਼ਾ ਲਈ ਲੋਕਾਂ ਦੇ ਮਨਾਂ ਵਿਚ ਵਸ ਗਈ। ਅੱਜ ਵੀ ਪੀਰ ਬੁੱਧੂ ਸ਼ਾਹ ਜੀ ਨੂੰ ਸਿੱਖ ਇਤਿਹਾਸ ਵਿਚ ਬੜੇ ਮਾਣ ਅਤੇ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ, ਕਿਉਂਕਿ ਉਨ੍ਹਾਂ ਨੇ ਸਮੇਂ ਦੇ ਚਾਪਲੂਸ (flatterer) ਹਾਕਮਾਂ ਦੀ ਪ੍ਰਵਾਹ ਨਾ ਕਰਦੇ ਹੋਏ ਸੱਚ ਅਤੇ ਹੱਕ ਦੀ

**ਆਵਾਜ਼ ਲਈ ਭੰਗਾਣੀ ਦੇ ਯੁੱਧ ਵਿਚ ਗੁਰੂ ਜੀ ਦਾ ਸਾਥ ਦਿੱਤਾ ਸੀ। ਇਸ ਰਸਤੇ ਤੇ ਚੱਲਦੇ ਹੋਏ ਉਨ੍ਹਾਂ ਨੇ ਆਪਣੀ ਜਾਨ ਤਕ ਦੀ ਵੀ ਪ੍ਵਾਹ ਨਾ ਕੀਤੀ ਅਤੇ ਉਹ ਸਦਾ ਲਈ ਗੁਰੂ ਜੀ ਦੇ ਸਤਕਾਰ ਦੇ ਪਾਤਰ ਬਣ ਗਏ।**

## ੧੭. ਭਾਈ ਮਨੀ ਸਿੰਘ ਜੀ

ਭਾਈ ਮਨੀ ਸਿੰਘ ਜੀ ਦੀ ਅੰਗ–ਅੰਗ ਕੱਟ ਕੇ ਸ਼ਹੀਦੀ ਸਿੱਖ ਜਗਤ ਲਈ ਸ਼ਕਤੀ ਦਾ ਸੋਮਾ ਤੇ ਨਿੱਤ ਦੀ ਅਰਦਾਸ ਦਾ ਇਕ ਹਿੱਸਾ ਬਣ ਗਈ ਹੈ। ਜਿਸ ਬਿਖੜੇ ਸਮੇਂ ਉਨ੍ਹਾਂ ਨੇ ਪੰਥ ਦੀ ਅਗਵਾਈ ਕੀਤੀ ਉਹ ਇਤਿਹਾਸ ਦੇ ਪੰਨਿਆਂ 'ਤੇ ਇਕ ਸਦੀਵੀ ਯਾਦਗਾਰ ਵਜੋਂ ਅੰਕਿਤ ਹੈ। ਭਾਈ ਮਨੀ ਸਿੰਘ ਭਗਤੀ, ਗਿਆਨ ਤੇ ਸ਼ਕਤੀ ਦਾ ਪ੍ਰਤੀਕ ਸਨ।

ਭਾਈ ਮਨੀ ਸਿੰਘ ਜੀ ਕੈਂਬੋਵਾਲ ਪਿੰਡ ਦੇ ਵਸਨੀਕ ਚੌਧਰੀ ਕਾਲੇ ਦੇ ਸਪੁੱਤਰ ਸਨ। ਉਨ੍ਹਾਂ ਦੀ ਉਮਰ ਕੇਵਲ ਪੰਜ ਵਰ੍ਹੇ ਦੀ ਸੀ ਜਦ ਉਨ੍ਹਾਂ ਦੇ ਪਿਤਾ ਉਨ੍ਹਾਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕੋਲ ਛੱਡ ਆਏ। ਉਹ ਛੋਟੀ ਉਮਰ ਤੋਂ ਹੀ ਦਸਮੇਸ਼ ਪਿਤਾ ਜੀ ਦੀ ਸੇਵਾ ਵਿਚ ਰਹੇ। ਇਨ੍ਹਾਂ ਨੇ ਕਲਗੀਧਰ ਪਾਤਸ਼ਾਹ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਸੰਨ ੧੭੦੪ ਵਿਚ ਜਦ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਛੱਡਿਆ ਤਾਂ ਭਾਈ ਮਨੀ ਸਿੰਘ ਜੀ ਉਨ੍ਹਾਂ ਦੇ ਨਾਲ ਸਨ। ਦਸਮੇਸ਼ ਪਿਤਾ ਦੀ ਆਗਿਆ ਅਨੁਸਾਰ ਮਾਤਾ ਸਾਹਿਬ ਕੌਰ ਤੇ ਮਾਤਾ ਸੁੰਦਰੀ ਜੀ ਨੂੰ ਨਾਲ ਲੈ ਕੇ ਦਿੱਲੀ ਪਹੁੰਚੇ ਤੇ ਉਨ੍ਹਾਂ ਦੀ ਸੇਵਾ ਵਿਚ ਹਾਜ਼ਰ ਰਹੇ। ਸੰਨ ੧੭੦੬ ਵਿਚ ਭਾਈ ਮਨੀ ਸਿੰਘ ਜੀ ਮਾਤਾ ਸਾਹਿਬ ਕੌਰ ਜੀ ਦੇ ਨਾਲ ਦਮਦਮਾ ਸਾਹਿਬ ਪੁੱਜੇ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਦ ਤਲਵੰਡੀ ਸਾਬੋ ਪਹੁੰਚੇ ਇਸ ਇਲਾਕੇ ਵਿਚ ਭਾਈ ਡੱਲੇ ਕੋਲ ਜੋ ਬਾਅਦ ਵਿਚ ਅੰਮ੍ਰਿਤ ਛਕ ਕੇ ਭਾਈ ਡੱਲਾ ਸਿੰਘ ਹੋ ਗਏ ਨੌਂ ਮਹੀਨੇ ਰੁਕੇ। ਇੱਕ ਦਿਨ ਸ਼ਿਕਾਰ ਖੇਡਣ ਪਿੱਛੋਂ ਗੁਰੂ ਜੀ ਨੇ ਇਥੇ ਆ ਕੇ ਆਰਾਮ ਕਰਨ ਲਈ ਆਪਣਾ ਕਮਰਕੱਸਾ ਖੋਲ੍ਹਿਆ, ਇਸ ਲਈ ਇਸ ਥਾਂ ਦਾ ਨਾਂ ਦਮਦਮਾ ਸਾਹਿਬ ਪ੍ਰਸਿੱਧ ਹੋ ਗਿਆ। ਗੁਰੁ ਜੀ ਨੇ ਧੀਰ ਮੱਲ (ਬਾਬਾ ਗੁਰਦਿੱਤਾ ਜੀ ਦਾ ਪੁੱਤਰ) ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਮੰਗਿਆ। ਪਰ ਉਸ ਨੇ ਇਹ ਮਿਹਣਾ ਮਾਰਿਆ ਕਿ ਜੇ ਗੁਰੂ ਪੰਥ ਚਲਾ ਸਕਦਾ ਹੈ ਤਾਂ ਗੁਰੂ ਗ੍ਰੰਥ ਵੀ ਕਿਉਂ ਨਹੀਂ ਉਚਾਰ ਸਕਦੇ? ਧੀਰ ਮੱਲ ਦੇ ਇਸ ਤਰਾਂ ਦੇ ਵਰਤਾਰੇ ਨੂੰ ਦੇਖ ਕੇ ਦਸਮੇਸ਼ ਪਿਤਾ ਨੇ ਭਾਈ ਮਨੀ ਸਿੰਘ ਜੀ ਨੂੰ ਲਿਖਾਰੀ ਲਾ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨ ਪਾਠ ਆਪ ਜੀ ਨੇ ਜ਼ੁਬਾਨੀ ਉਚਾਰਣਾ ਕੀਤਾ ਬਿਨਾ ਕੋਈ ਲਿਖਤੀ ਪੋਥੀ ਦਾ ਆਧਾਰ ਲੈਦਿਆਂ ਅਤੇ ਭਾਈ ਮਨੀ ਸਿੰਘ ਜੀ ਤੋਂ ਲਿਖਵਾਈ।

ਗੁਰਬਾਣੀ ਦੇ ਅਰਥ ਵੀ ਸੰਗਤ ਨੂੰ ਸਮਝਾਏ (ਗੁਰਬਾਣੀ ਦਾ ਸ਼ੁੱਧ ਉਚਾਰਣ ਅਤੇ ਅਰਥ ਵੀ ੪੮ ਗੁਰਸਿੱਖਾਂ ਨੂੰ ਪੜ੍ਹਾਏ)[20]। ਗੁਰੂ ਸਾਹਿਬ ਦਮਦਮਾ ਸਾਹਿਬ ਦੇ ਅਸਥਾਨ ਤੇ ੯ ਮਹੀਨੇ ੯ ਦਿਨ ਟਿਕੇ ਰਹੇ।[21] ਇਥੇ ਗੁਰਬਾਣੀ ਦੀਆਂ ਦੋ ਟਕਸਾਲਾਂ ਵੀ ਸ਼ੁਰੂ ਕੀਤੀਆਂ ਗਈਆਂ। ਇਨ੍ਹਾਂ ਦੇ ਮੁੱਖੀ ਬਾਬਾ ਦੀਪ ਸਿੰਘ ਜੀ (ਦਮਦਮਾ ਸਾਹਿਬ) ਅਤੇ ਭਾਈ ਮਨੀ ਸਿੰਘ ਜੀ (ਅੰਮ੍ਰਿਤਸਰ) ਥਾਪ ਦਿੱਤੇ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ, ਮਾਤਾ ਸੁੰਦਰ ਕੌਰ ਜੀ ਨੇ ਸ੍ਰੀ ਦਸਮ ਗ੍ਰੰਥ ਜੀ ਦੀ ਬਾਣੀ ਇਕੱਤਰ ਕਰਨ ਦੀ ਮਹਾਨ ਸੇਵਾ ਵੀ ਭਾਈ ਮਨੀ ਸਿੰਘ ਜੀ ਨੂੰ ਹੀ ਬਖ਼ਸ਼ੀ। ਜਿਸ ਨੂੰ ਭਾਈ ਸਾਹਿਬ ਜੀ ਬੜੀ ਲਗਨ ਅਤੇ ਪ੍ਰੇਮ ਨਾਲ ਸੰਪੂਰਨ ਕੀਤਾ।

ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਪਿੱਛੋਂ ਜਦੋਂ ਸਿੱਖਾਂ ਵਿਚ ਤੱਤ ਖਾਲਸਾ ਤੇ ਬੰਦਈ ਖਾਲਸਾ ਵਿਚ ਮਤਭੇਦ ਹੋ ਗਏ ਤਾਂ ਝਗੜਾ ਨਿਬੇੜਨ ਲਈ ਮਾਤਾ ਸੁੰਦਰੀ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਜ਼ੁਮੇਵਾਰੀ ਸਉਂਪੀ। ਜਦੋਂ ਅੰਮ੍ਰਿਤਸਰ ਆਏ ਤਾਂ ਦੋਹਾਂ ਧੜਿਆਂ ਨੇ ਕਿਹਾ ਕਿ ਦਰਬਾਰ ਸਹਿਬ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਆਪ ਜੀ ਦੇ ਸੰਭਾਲਣ ’ਤੇ ਹੀ ਝਗੜਾ ਨਿੱਬੜ ਸਕਦਾ ਹੈ। ਸੋ ਸੰਨ ੧੭੨੧ ਵਿਚ ਮਾਤਾ ਸੁੰਦਰੀ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਗ੍ਰੰਥੀ ਥਾਪਿਆ। ਭਾਈ ਮਨੀ ਸਿੰਘ ਜੀ ਨੇ ਅਕਾਲ ਤਖ਼ਤ ਅਤੇ ਸ੍ਰੀ ਹਰਮੰਦਿਰ ਸਾਹਿਬ ਦੇ ਮੁਖ ਸੇਵਾਦਾਰ ਦੀ ਜ਼ੁਮੇਵਾਰੀ ਸੰਭਾਲੀ। ਗੁਰ ਮਰਯਾਦਾ ਅਨੁਸਾਰ ਆਪ ਸ੍ਰੀ ਹਰਿਮੰਦਰ ਸਾਹਿਬ ਦੇ ਤੀਸਰੇ ਗ੍ਰੰਥੀ ਸਨ। ਪ੍ਰਥਮੇ ਇਹ ਸੇਵਾ ਬਾਬਾ ਬੁੱਢਾ ਸਾਹਿਬ ਨੂੰ ਪ੍ਰਾਪਤ ਹੋਈ ਜੋ ਮੱਘਰ ਸੁਦੀ ਚੌਥ ਸੰਮਤ ੧੬੮੮ ਬਿ. (੧੬ ਨਵੰਬਰ ੧੬੩੧ ਈ.) ਨੂੰ ਗੁਰਪੁਰੀ ਸਿਧਾਰ ਗਏ। ਇਨ੍ਹਾਂ ਤੋਂ ਬਾਅਦ ਇਹ ਸੇਵਾ ਭਾਈ ਗੁਰਦਾਸ ਜੀ ਨੂੰ ਮਿਲੀ ਜੋ ੨੫ ਭਾਦਰੋਂ ਸੁਦੀ ਪੰਚਮੀ ਸੰਮਤ ੧੬੯੩ (੨੫ ਅਗਸਤ ੧੬੩੬ ਈ.) ਨੂੰ ਪ੍ਰਲੋਕ ਗਮਨ ਕਰ ਗਏ ਸਨ। ਇਹ ਸੇਵਾ ਕਰਦਿਆਂ ਭਾਈ ਮਨੀ ਸਿੰਘ ਜੀ ਨੇ ‘ਗਿਆਨ ਰਤਨਾਵਲੀ’ ਤੇ ‘ਭਗਤ ਰਤਨਾਵਲੀ’ ਪੁਸਤਕਾਂ ਦੀ ਰਚਨਾ ਕੀਤੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਕ ਹੱਥ-ਲਿਖਤ ਬੀੜ ਵੀ ਤਿਆਰ ਕੀਤੀ।

ਜ਼ਕਰੀਆ ਖ਼ਾਂ ਪੰਜਾਬ ਦਾ ਗਵਰਨਰ ਬਣਿਆ ਤਾਂ ਉਸ ਨੇ ਸਿੱਖਾਂ ’ਤੇ ਬਹੁਤ ਸਖ਼ਤੀ ਕੀਤੀ। ਗੁਰਦੁਆਰੇ ਢਾਹੁਣੇ ਸ਼ੁਰੂ ਕਰ ਦਿੱਤੇ। ਜਦ ਭਾਈ ਮਨੀ ਸਿੰਘ ਨੇ ਮਹਿਸੂਸ

[20] ਗੁਰਮੁਖ ਪ੍ਰਕਾਸ਼ - ਸੰਤ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਵਾਲੇ

[21] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਰਸ਼ਨ ਨਿਰਣੈ - ਗਿ: ਹਰਬੰਸ ਸਿੰਘ

ਕੀਤਾ ਕਿ ਸਰਕਾਰ ਦੀਆਂ ਸਖ਼ਤੀਆਂ ਕਾਰਨ ਬਹੁਤ ਘੱਟ ਸਿੱਖ ਦਰਬਾਰ ਸਾਹਿਬ ਆਉਂਦੇ ਹਨ ਅਤੇ ਅੰਮ੍ਰਿਤਸਰ ਦੀ ਦੀਪਮਾਲਾ ਦਾ ਮੇਲਾ ਕਈ ਵਰ੍ਹਿਆਂ ਤੋਂ ਤੁਰਕਾਂ ਨੇ ਬੰਦ ਕਰ ਦਿੱਤਾ ਸੀ। ਸੋ ਭਾਈ ਮਨੀ ਸਿੰਘ ਨੇ ਹਾਕਮ ਅਬਦੁੱਲਾ ਨੂੰ ਕਿਹਾ ਕਿ ਅਸੀਂ ਦੀਵਾਲੀ ’ਤੇ ਇਥੇ ਸਿੱਖਾਂ ਦਾ ਇਕੱਠ ਕਰਨਾ ਚਾਹੁੰਦੇ ਹਾਂ, ਆਗਿਆ ਦਿਉ। ਉਨ੍ਹਾਂ ਦੀ ਦਿਲੀ ਇੱਛਾ ਸੀ ਕਿ ਇਸ ਮੇਲੇ ਦੀ ਮਨਜ਼ੂਰੀ ਮਿਲ ਜਾਏ ਤਾਂ ਕਿ ਇਸ ਸਮੇਂ ਸੰਗਤਾਂ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ-ਇਸ਼ਨਾਨ ਕਰ ਸਕਣ। ਸੋ ਭਾਈ ਮਨੀ ਸਿੰਘ ਨੇ ਜਦ ਮੇਲੇ ਦੀ ਮਨਜ਼ੂਰੀ ਲਈ ਦਰਖ਼ਾਸਤ ਦਿੱਤੀ ਤਾਂ ਜ਼ਕਰੀਆ ਖਾਂ ਨੇ ਸੋਚੀ-ਸਮਝੀ ਸਕੀਮ ਤਹਿਤ ਭਾਈ ਮਨੀ ਸਿੰਘ ਜੀ ਨੂੰ ਦੀਵਾਲੀ ਦੇ ਅਵਸਰ ’ਤੇ ਦਰਸ਼ਨ ਕਰਨ ਤੇ ਇਕੱਠ ਕਰਕੇ ਜੋੜ ਮੇਲਾ ਲਾਉਣ ਦੀ ਇਸ ਸ਼ਰਤ ’ਤੇ ਆਗਿਆ ਦਿੱਤੀ ਕਿ ਸਰਕਾਰ ਨੂੰ ਇਸ ਖ਼ਾਤਰ ਪੰਜ ਹਜ਼ਾਰ ਰੁਪਿਆ ਦਿੱਤਾ ਜਾਵੇ। ਉਸ ਦੀ ਇਸ ਅਵਸਰ ’ਤੇ ਸਿੱਖਾਂ ਨੂੰ ਇਕੱਠੇ ਹੋਇਆਂ ਨੂੰ ਮਾਰਨ ਦੀ ਖੁਫ਼ੀਆ ਯੋਜਨਾ ਸੀ ਅਤੇ ਇਸ ਮੰਤਵ ਲਈ ਹਥਿਆਰਾਂ ਦਾ ਕਾਫ਼ੀ ਜਖ਼ੀਰਾ ਇਕੱਠਾ ਕਰ ਲਿਆ ਸੀ। ਸੂਬੇ ਨੇ ਅੰਮ੍ਰਿਤਸਰ ਦੇ ਚੌਹੀਂ ਪਾਸੀਂ ਪਹਿਰੇ ਲਾ ਦਿੱਤੇ ਜਿਸ ’ਤੇ ਲੋਕ ਮੇਲੇ ’ਤੇ ਨਾ ਆਏ। ਭਾਈ ਮਨੀ ਸਿੰਘ ਜੀ ਸਰਕਾਰ ਦੀ ਇਸ ਚਾਲ ਨੂੰ ਸਮਝ ਗਏ ਸਨ। ਉਨ੍ਹਾਂ ਨੇ ਖਾਲਸੇ ਨੂੰ ਅੰਮ੍ਰਿਤਸਰ ਆਉਣ ਤੋਂ ਵਰਜਿਤ ਕਰ ਦਿੱਤਾ। ਇਨ੍ਹਾਂ ਗੱਲਾਂ ਕਰਕੇ ਅੰਮ੍ਰਿਤਸਰ ਵਿਖੇ ਬਹੁਤ ਹੀ ਘੱਟ ਸੰਗਤ ਆਈ ਤੇ ਚੜ੍ਹਾਵੇ ਦਾ ਪੈਸਾ ਬਹੁਤਾ ਨਾ ਚੜ੍ਹ ਸਕਿਆ ਤੇ ਸਰਕਾਰ ਨੂੰ ਦਿੱਤਾ ਨਾ ਜਾ ਸਕਿਆ। ਲਖਪਤ ਰਾਇ ਦੇ ਫੌਜੀਆਂ ਨੇ ਸ੍ਰੀ ਹਰਿਮੰਦਰ ਸਾਹਿਬ ਆਏ ਸਿੰਘਾਂ ’ਤੇ ਧਾਵਾ ਬੋਲ ਕੇ ਉਨ੍ਹਾਂ ਨੂੰ ਫੜ ਲਿਆ। ਕਈ ਮਾਰੇ ਵੀ ਗਏ।

ਭਾਈ ਮਨੀ ਸਿੰਘ ਜੀ ਤੋਂ ਮੇਲਾ ਲਾਉਣ ਦੇ ਪੰਜ ਹਜ਼ਾਰ ਰੁਪਏ ਮੰਗੇ ਗਏ। ਪਰ ਉਨ੍ਹਾਂ ਨੇ ਕਿਹਾ ਕਿ ਹਕੂਮਤ ਦੀ ਸ਼ਰਾਰਤ ਕਾਰਨ ਮੇਲਾ ਨਹੀਂ ਲੱਗ ਸਕਿਆ ਇਸ ਲਈ ਇਹ ਰਕਮ ਨਹੀਂ ਦਿੱਤੀ ਜਾ ਸਕਦੀ। ਭਾਈ ਸਾਹਿਬ ਨੂੰ ਗ੍ਰਿਫਤਾਰ ਕਰਕੇ ਲਾਹੌਰ ਲਿਆਂਦਾ ਗਿਆ। ਲਾਹੌਰ ਸ਼ਹਿਰ ਦੇ ਸਿੱਖ ਪੈਸੇ ਲੈ ਕੇ ਆਏ ਤਾਂ ਜੋ ਜ਼ਕਰੀਆ ਖਾਂ ਨੂੰ ਦਿੱਤੇ ਜਾ ਸਕਣ ਪਰ ਭਾਈ ਮਨੀ ਸਿੰਘ ਨੇ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕ ਦਿੱਤਾ। ਇਸ ’ਤੇ ਆਪ ਦਾ ਕੇਸ ਮੌਲਵੀਆਂ ਕੋਲ ਪੇਸ਼ ਕੀਤਾ ਗਿਆ ਜਿਨ੍ਹਾਂ ਨੇ ਬੰਦ-ਬੰਦ ਕੱਟ ਕੇ ਕਤਲ ਕਰਨ ਦਾ ਫਤਵਾ ਦਿੱਤਾ। ਭਾਈ ਸਾਹਿਬ ਨੂੰ ਕਿਹਾ ਗਿਆ ਕਿ ਇਕ ਹਾਲਤ ਵਿਚ ਤੁਹਾਨੂੰ ਛੱਡਿਆ ਜਾ ਸਕਦਾ ਹੈ ਜੇ ਤੁਸੀਂ ਮੁਸਲਮਾਨ ਬਣ ਜਾਉ। ਜਦ ਇਸਲਾਮ ਵਿਚ ਲਿਆਉਣ ਦੇ ਯਤਨਾਂ ਤੋਂ ਕਾਮਯਾਬੀ

ਨਾ ਮਿਲੀ ਤਾਂ ਭਾਈ ਸਾਹਿਬ ਨੂੰ ਸ਼ਹੀਦ ਕਰਨ ਦਾ ਹੁਕਮ ਦੇ ਦਿੱਤਾ। ਉਨ੍ਹਾਂ ਦੇ ਤੇਸੇ ਨਾਲ ਪਹਿਲੇ ਪੋਟੇ, ਫਿਰ ਉਂਗਲਾਂ, ਫਿਰ ਸਰੀਰ ਦੇ ਬਾਕੀ ਹਿੱਸੇ ਜੁਦਾ ਕੀਤੇ ਗਏ। ਭਾਈ ਸਾਹਿਬ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਦੇ ਰਹੇ, ਉਨ੍ਹਾਂ ਨੂੰ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ।

ਕੰਬੋਵਾਲੀ ਪਿੰਡ (ਜਿੱਥੇ ਭਾਈ ਮਨੀ ਸਿੰਘ ਜੀ ਦਾ ਜਨਮ ਹੋਇਆ ਸੀ) ਪਿੰਡ ਲੌਂਗੋਵਾਲ ਨੇੜੇ ਸੀ ਤੇ ਬਰਬਾਦ ਹੋਣ ਬਾਅਦ ਲੌਂਗੋਵਾਲ ਵਿਚ ਹੀ ਮਿਲ ਗਿਆ। ਲੌਂਗੋਵਾਲ ਸੁਨਾਮ ਤੋਂ ਲਗਭਗ ੮ ਮੀਲ ਉੱਤਰ ਪੱਛਮ ਵੱਲ ਹੈ। ਇਸ ਪਿੰਡ ਨੂੰ ਮਹਾਰਾਜਾ ਆਲਾ ਸਿੰਘ ਨੇ ਦੁਬਾਰਾ ਬਣਵਾਇਆ ਸੀ। ਲੌਂਗੋਵਾਲ ਵਿਚ ਭਾਈ ਮਨੀ ਸਿੰਘ ਦੇ ਸਬੰਧ ਵਿਚ ਦੋ ਗੁਰਦੁਆਰੇ ਸਾਹਿਬਾਨ ਹਨ। ਇਕ ਗੁਰਦੁਆਰਾ ਸਾਹਿਬ ਲੌਂਗੋਵਾਲ ਪਿੰਡ ਵਿਚ ਹੈ ਤੇ ਦੂਸਰਾ ਗੁਰਦੁਆਰਾ ਸਾਹਿਬ ਜਨਮ ਅਸਥਾਨ ਭਾਈ ਮਨੀ ਸਿੰਘ ਪਿੰਡ ਕੈਂਬੋਵਾਲ ਦੀ ਜੂਹ ਵਿਚ ਸਥਿਤ ਹੈ। ਨੱਬੇ ਵਰ੍ਹਿਆਂ ਦੇ (ਜਨਮ ੧੦ ਮਾਰਚ ਸੰਨ ੧੬੪੪ (ਚੇਤ ਸੁਦੀ ਦੁਆਦਸੀ ਸੰਮਤ ੧੭੦੧ ਬਿ:) ਭਾਈ ਮਨੀ ਸਿੰਘ ਜੀ ਨੇ ੨੪ ਜੂਨ ੧੭੩੪ ਈ. (ਹਾੜ ਸੁਦੀ ਪੰਚਮੀ ਸੰਮਤ ੧੭੯੧) ਨੂੰ ਸ਼ਹੀਦੀ ਪਾਈ। ਭਾਈ ਸਾਹਿਬ ਨੂੰ ਨਖਾਸ ਚੌਂਕ ਵਿਚ ਜੋ ਲਾਹੌਰ ਲੰਡੇ ਬਜ਼ਾਰ ਵਿਚ ਹੈ ਸ਼ਹੀਦ ਕੀਤਾ ਗਿਆ। (ਹਵਾਲਾ ਗੁਰ ਬਿਲਾਸ ਪਾ: ੧੦ ਪਤ੍ਰ ੨੧੯) ਉਸ ਅਸਥਾਨ ਦਾ ਨਾਮ ਗੁਰਦੁਆਰਾ ਸ਼ਹੀਦ ਗੰਜ ਹੈ। ਇਸ ਦੇ ਅਹਾਤੇ ਵਿਚ ਇਕ ਖੂਹ ਹੈ। ਇਸ ਨੂੰ ਸ਼ਹੀਦੀ ਖੂਹ ਆਖਿਆ ਜਾਂਦਾ ਹੈ।

## ੧੮. ਸ੍ਰੀ ਗੁਰੂ ਗ੍ਰੰਥ ਸਾਹਿਬ

ਜਦੋਂ ਕਲਗੀਧਰ ਪਾਤਸ਼ਾਹ ਜੀ ਨੇ, ੧੭੦੮ ਈ: ਵਿਚ ਜੋਤੀ ਜੋਤਿ ਸਮਾਉਣ ਤੋਂ ਤਿੰਨ ਦਿਨ ਪਹਿਲਾਂ, ਪੂਰਨ ਵਿਧੀ ਨਾਲ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰ-ਗੱਦੀ ਬਖਸ਼ੀ ਸੀ, ਉਦੋਂ ਉਨ੍ਹਾਂ ਨੇ ਜਿਹੜੇ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਭੁਤਾ, ਮਹੱਤਤਾ ਅਤੇ ਸਤਿਕਾਰ ਵਜੋਂ ਉਚਾਰੇ ਸਨ, ਉਨ੍ਹਾਂ ਸ਼ਬਦਾਂ ਦਾ ਵੇਰਵਾ ਗਿਆਨੀ ਗਿਆਨ ਸਿੰਘ ਨੇ ਕਲਮਬੰਦ ਕਰਕੇ ਆਪਣੇ ਪੰਥ ਪ੍ਰਕਾਸ਼ ਦੇ ਪੰਨਾ ੩੫੩ ਤੇ ਦਿੱਤਾ :

<u>ਸ੍ਰੀ ਮੁਖਵਾਕ ਦੋਹਿਰਾ</u>

"ਆਗਿਆ ਭਈ ਅਕਾਲ ਕੀ, ਤਬੈ ਚਲਾਯੋ ਪੰਥ।

ਸਬ ਸਿੱਖਨ ਕੋ ਹੁਕਮ ਹੈ, ਗੁਰੂ ਮਾਨੀਓ ਗ੍ਰੰਥ।

ਗੁਰੂ ਗ੍ਰੰਥ ਕੋ ਮਾਨੀਓ, ਪ੍ਰਗਟ ਗੁਰਾਂ ਕੀ ਦੇਹ।

ਜੋ ਪ੍ਰਭੁ ਕੋ ਮਿਲਬੋ ਚਹੇ, ਖੋਜ ਸਬਦ ਮੈਂ ਲੇਹ।

ਸਿੱਖਾਂ ਦੇ ਸਵਾਲ ਉੱਤੇ ਕਿ ਆਪ ਜੀ ਦੇ ਦਰਸ਼ਨ ਕਿਸ ਤਰ੍ਹਾਂ ਹੋਣਗੇ, ਕਲਗੀਧਰ ਪਾਤਸ਼ਾਹ ਜੀ ਨੇ ਫ਼ੁਰਮਾਇਆ ਕਿ ਜਿਹੜਾ ਸਿੱਖ ਪ੍ਰੇਮ, ਸ਼ਰਧਾ ਤੇ ਇੱਕ ਚਿੱਤ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰੇਗਾ ਜਾਂ ਸੁਣੇਗਾ, ਉਸ ਨੂੰ ਉਨ੍ਹਾਂ ਦੇ ਦਰਸ਼ਨ ਹੋ ਜਾਇਆ ਕਰਨਗੇ।

"ਪ੍ਰਗਟ ਗੁਰਾਂ ਕੀ ਦੇਹ" ਦੇ ਅਰਥ ਹਨ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਜੋਤਿ ਦਸਾਂ ਗੁਰੂ ਸਾਹਿਬਾਨ ਦੀ ਹੀ ਹੈ, ਸਿਰਫ਼ ਦੇਹ ਦਾ ਪ੍ਰਗਟਾਵਾ ਹੋਇਆ ਹੈ। ਪਹਿਲਾਂ ਗੁਰੂ ਸਾਹਿਬਾਨ ਦੀ ਦੇਹ (ਕਾਂਇਆਂ) ਪਲਟਦੀ ਸੀ, ਤੇ ਜੋਤਿ ਅਤੇ ਜੁਗਤਿ ਉਹੀ ਰਹਿੰਦੀ ਸੀ, 'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ', ਪਰ ਹੁਣ ਜੋਤਿ ਨੇ ਸ਼ਬਦ ਦਾ ਰੂਪ ਧਾਰ ਲਿਆ ਹੈ। ਅੱਗੇ ਜੋਤਿ ਦੇਹਧਾਰੀ ਸੀ, ਹੁਣ ਸ਼ਬਦ ਰੂਪ ਹੋ ਗਈ ਹੈ। ਜੁਗਤਿ ਦਾ ਕੰਮ ਕਲਗੀਧਰ ਪਾਤਸ਼ਾਹ ਜੀ ਨੇ ਵੈਸਾਖੀ ੧੬੯੯ ਵਿਚ ਖ਼ਾਲਸਾ ਪੰਥ ਨੂੰ ਸੌਂਪ ਦਿੱਤਾ ਸੀ।

ਪੋਥੀ ਪਰਮੇਸਰ ਕਾ ਥਾਨੁ ਤੇ ਧੁਰ ਕੀ ਬਾਣੀ, ਨਿਰੰਕਾਰ ਦਾ ਨਿੱਜ ਸਰੂਪ ਹੈ-ਵਾਹੁ ਵਾਹੁ ਬਾਣੀ ਨਿਰੰਕਾਰ ਹੈ ਅਤੇ ਇਸ ਤੋਂ ਵੱਡਾ, ਉੱਚਾ ਤੇ ਸੁੱਚਾ ਕੋਈ ਹੋਰ ਨਹੀਂ ਹੈ-

ਤਿਸੁ ਜੇਵਡੁ ਅਵਰੁ ਨ ਕੋਇ। ਸੋ ਸਤਿਗੁਰਾਂ ਦਾ ਸਮੁੱਚਾ ਸਰੂਪ ਹਰ ਇਕ ਪਹਿਲੂ ਤੋਂ ਪਵਿੱਤ੍ਰ ਅਤੇ ਸਤਿਕਾਰਯੋਗ ਹੈ।

ਦੇਹ ਬਿਨਸਨਹਾਰ ਹੈ, ਇਸ ਲਈ ਗੁਰੂ ਸਾਹਿਬਾਨ ਨੇ ਆਪਣੇ ਜੀਵਨ-ਕਾਲ ਵਿਚ ਸਿਰਫ਼ ਸ਼ਬਦ ਜਾਂ ਬਾਣੀ ਨੂੰ ਹੀ ਗੁਰੂ ਕਰਕੇ ਪ੍ਰਚਾਰਿਆ- ਬਾਣੀ ਗੁਰੂ ਗੁਰੂ ਹੈ ਬਾਣੀ। ਫਿਰ ਬਾਣੀ, ਗੁਰੂ ਤੇ ਸ਼ਬਦ ਵਿਚ ਭਿੰਨ-ਭੇਦ ਨਹੀਂ ਹੈ- ਇਕਾ ਬਾਣੀ ਇਕੁ ਗੁਰ ਇਕੋ ਸਬਦੁ ਵੀਚਾਰ। ਬਾਣੀ, ਬਾਣੀ ਵਾਲੇ ਅਥਵਾ ਨਿਰੰਕਾਰ ਦਾ ਰੂਪ ਹੈ, ਉਸ ਦਾ ਹਿਰਦਾ ਹੈ, ਧੁਰ ਕੀ ਬਾਣੀ ਹੈ ਅਥਵਾ ਨਿਰੰਕਾਰ ਦੇ ਦੇਸ਼ ਤੋਂ ਉਤਰੀ ਹੈ ਤੇ ਲੈ ਜਾਂਦੀ ਹੈ ਬਾਣੀ ਵਾਲੇ ਵਾਹਿਗੁਰੂ ਜੀ ਦੇ ਦੇਸ਼ ਨੂੰ।

ਬਾਣੀ ਦਾ ਸਤਿਕਾਰ ਗੁਰੂ ਨਾਨਕ ਦੇਵ ਜੀ ਦੇ ਵੇਲੇ ਤੋਂ ਹੀ ਸ਼ੁਰੂ ਹੋ ਗਿਆ ਸੀ। ਧੰਨ ਬਾਬਾ ਲਹਿਣਾ ਜੀ ਜਦ ਦੂਸਰੀ ਫੇਰੀ ਵੇਲੇ ਖਡੂਰ ਸਾਹਿਬ ਤੋਂ ਕਰਤਾਰਪੁਰ ਸਾਹਿਬ ਜਾਣ ਲੱਗੇ ਤਾਂ ਸਾਡੀ ਪੂਜਨੀਕ ਮਾਤਾ ਖੀਵੀ ਜੀ ਨੇ ਬੜੇ ਵੈਰਾਗ ਵਿਚ ਆਪਣੇ ਪਤੀ ਬਾਬਾ ਲਹਿਣਾ ਜੀ ਤੋਂ ਉਨ੍ਹਾਂ ਦੇ ਪਊਆਂ ਦੀ ਮੰਗ ਕੀਤੀ, ਜਿਹੜੇ ਬਖਸ਼ੇ ਗਏ ਪਰ ਨਾਲ ਬਾਬਾ ਲਹਿਣਾ ਜੀ ਨੇ ਇਕ ਰੇਸ਼ਮ ਵਿਚ ਵਲ੍ਹੇਟੀ ਹੋਈ ਸੈਂਚੀ ਅਰਪਣ ਕੀਤੀ ਤੇ ਕਿਹਾ "ਇਹ ਹੈ ਪੂਜਣ ਯੋਗ, ਇਹ ਹੈ ਜੀਅ ਦਾ ਆਧਾਰ"। ਸ੍ਰੀ ਲਹਿਣਾ ਜੀ ਤੁਰ ਗਏ, ਮਗਰੋਂ ਪਊਆਂ ਨੂੰ ਇਕ ਸੁੰਦਰ ਚੌਂਕੀ ਤੇ ਰੱਖ ਕੇ ਪੂਜਣਾ ਸ਼ੁਰੂ ਕਰ ਦਿੱਤਾ। ਇਕ ਦਿਨ ਮਾਈ ਵਿਰਾਈ ਜੀ (ਸ੍ਰੀ ਲਹਿਣੇ ਜੀ ਦੀ ਭੂਆ) ਆਏ ਤੇ ਮਾਤਾ ਜੀ ਨੂੰ ਯਾਦ ਕਰਵਾਇਆ ਕਿ ਉਨ੍ਹਾਂ ਨੂੰ ਪਊਆਂ ਦੀ ਥਾਂ ਕੋਈ ਹੋਰ ਦਾਤ ਦੇ ਕੇ ਸ੍ਰੀ ਲਹਿਣਾ ਜੀ ਨੇ ਪੂਜਾ ਤੋਂ ਵਰਜਣ ਦਾ ਇਸ਼ਾਰਾ ਕੀਤਾ ਸੀ। ਫਿਰ ਉਸ ਰੇਸ਼ਮ ਵਿਚ ਵਲ੍ਹੇਟੀ ਸੈਂਚੀ ਨੂੰ ਸੁੰਦਰ ਚੌਂਕੀ ਤੇ ਰੱਖਿਆ ਗਿਆ ਤੇ ਮਾਈ ਜੀ ਨੇ ਇਸ ਵਿਚ ਲਿਖੀ ਬਾਣੀ ਦਾ ਰੋਜ਼ ਪਾਠ ਕਰਨ ਅਤੇ ਅਮਲ ਕਰਨ ਦਾ ਉਪਦੇਸ਼ ਦਿੱਤਾ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਿਹੜੀ ਘਾਲਣਾ ਬਾਣੀ ਨੂੰ ਇਕੱਤ੍ਰ ਕਰਨ ਦੀ, ਆਦਿ ਗ੍ਰੰਥ ਸਾਹਿਬ ਦੇ ਰਚਨਾ ਦੀ ਅਤੇ ਸਥਾਪਨਾ ਕਰਨ ਦੀ ਕੀਤੀ, ਉਸ ਦੀ ਮਿਸਾਲ ਮਿਲਣੀ ਮੁਸ਼ਕਲ ਹੈ। ਪਹਿਲੇ ਚਾਰ ਗੁਰੂ ਸਾਹਿਬਾਨ ਦੀ ਬਹੁਤੀ ਬਾਣੀ ਦੀਆਂ ਪੋਥੀਆਂ ਬਾਬਾ ਮੋਹਨ ਜੀ ਪਾਸ ਗੋਇੰਦਵਾਲ ਸਾਹਿਬ ਵਿਖੇ ਪਈਆਂ ਸਨ। ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਉਨ੍ਹਾਂ ਪੋਥੀਆਂ ਨੂੰ ਲੈਣ ਲਈ ਘੱਲੇ ਗਏ, ਪਰ ਸਫ਼ਲਤਾ ਪ੍ਰਾਪਤ ਨਹੀਂ ਹੋਈ। ਗੁਰੂ ਅਰਜਨ ਦੇਵ ਜੀ ਆਪ ਨੰਗੇ ਪੈਰੀਂ ਗਏ, ਬਾਬਾ ਮੋਹਨ ਜੀ ਦੇ ਚੁਬਾਰੇ ਦੇ ਅੱਗੇ ਗਲੀ ਵਿਚ ਭੁੰਝੇ ਬੈਠ ਕੇ, ਤੰਬੂਰੇ ਦੀਆਂ ਮਿੱਠੀਆਂ ਸੁਰਾਂ ਵਿਚ ਪਰਮਾਤਮਾ ਦੀ ਉਸਤਤਿ ਦੇ ਸ਼ਬਦ ਪੜ੍ਹੇ। ਪੋਥੀਆਂ ਮਿਲਣ ਤੇ ਉਨ੍ਹਾਂ ਨੂੰ

ਇਕ ਸੁੰਦਰ ਰੱਥ ਵਿਚ ਰੱਖ ਕੇ ਆਪ ਫਿਰ ਨੰਗੇ ਪੈਰੀਂ ਚੌਰ ਕਰਦੇ ਹੋਏ ਅੰਮ੍ਰਿਤਸਰ ਪਹੁੰਚੇ। ਭਾਈ ਗੁਰਦਾਸ ਜੀ ਦੀ ਸਹਾਇਤਾ ਨਾਲ ਇਕੱਤ੍ਰ ਬਾਣੀਆਂ ਦੀ ਘੋਖ-ਪੜਤਾਲ ਕਰਕੇ ਰਾਮਸਰ ਦੇ ਅਸਥਾਨ ਤੇ ਬੈਠ ਆਦਿ ਗ੍ਰੰਥ ਸਾਹਿਬ ਦੀ ਬੀੜ ਰਾਗਾਂ ਅਨੁਸਾਰ ਤਿਆਰ ਕੀਤੀ। ਜਦੋਂ ਇਹ ਕਾਰਜ ਸਿਰੇ ਚੜ੍ਹ ਗਿਆ ਤਾਂ ਇਸ ਪਾਵਨ ਬੀੜ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਥਾਪਨ ਕਰਨ ਦਾ ਫੈਸਲਾ ਕੀਤਾ ਗਿਆ। ਬਾਬਾ ਬੁੱਢਾ ਜੀ ਦੇ ਸਿਰ ਤੇ ਪਾਵਨ ਬੀੜ ਧਰ ਕੇ, ਆਪ ਗੁਰੂ ਅਰਜਨ ਦੇਵ ਜੀ ਚੌਰ ਦੀ ਸੇਵਾ ਕਰਦੇ, ਸਾਰੀ ਸੰਗਤ ਨੰਗੇ ਪੈਰੀਂ ਕੀਰਤਨ ਕਰਦੀ, ਸੰਖ ਅਤੇ ਅਨੇਕ ਵਾਜਿਆਂ ਦੀ ਧੁਨ ਵਿਚ, ਹਰਿਮੰਦਰ ਸਾਹਿਬ ਪਹੁੰਚੀ ਅਤੇ ਜਿਥੇ ਗੁਰੂ ਜੀ ਆਪ ਬੈਠਦੇ ਸਨ, ਉਥੇ ਪਵਿੱਤ੍ਰ ਬੀੜ ਦਾ ਪ੍ਰਕਾਸ਼ ਕਰਵਾਇਆ ਅਤੇ ਆਪ ਸੰਗਤ ਵਿਚ ਬੈਠਣ ਲੱਗ ਪਏ। ਜਿਥੇ ਮਹਾਰਾਜ ਜੀ ਰਾਤ ਨੂੰ ਕੋਠਾ ਸਾਹਿਬ ਵਿਖੇ ਪਲੰਘ ਉਪਰ ਬਿਰਾਜਿਆ ਕਰਦੇ ਸਨ, ਉਥੇ ਆਦਿ ਗ੍ਰੰਥ ਸਾਹਿਬ ਜੀ ਨੂੰ ਬਿਰਾਜਮਾਨ ਕੀਤਾ ਅਤੇ ਆਪ ਭੁੰਝੇ ਆਸਣ ਕਰ ਲਿਆ। ਕਦੀ-ਕਦੀ ਗੁਰੂ ਜੀ ਆਪਣੇ ਗ੍ਰਹਿ ਜਾਂਦੇ, ਨਹੀਂ ਤਾਂ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਪਾਸ ਹੀ ਰਹਿੰਦੇ ਸਨ। ਜਿਸ ਉਤਸ਼ਾਹਤ ਵਿਧੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਜ ਕਲ੍ਹ ਕੋਠਾ ਸਾਹਿਬ ਤੋਂ ਹਰਿਮੰਦਰ ਸਾਹਿਬ ਲਿਆਏ ਜਾਂਦੇ ਹਨ ਅਤੇ ਵਾਪਸ ਲਿਜਾਏ ਜਾਂਦੇ ਹਨ, ਇਸ ਦੀ ਰੀਤੀ ਉਸੇ ਵੇਲੇ ਤੋਂ ਚਲੀ ਆ ਰਹੀ ਹੈ।

ਗੁਰੂ ਹਰਿਗੋਬਿੰਦ ਸਾਹਿਬ ਨੇ ਇਕ ਦਿਨ ਦੀਵਾਨ ਵਿਚ ਬੈਠਿਆਂ ਆਵਾਜ਼ਾ ਦਿੱਤਾ "ਹੈ ਕੋਈ ਸਿੱਖ ਜਿਹੜਾ ਸਾਨੂੰ ਜਪੁਜੀ ਸਾਹਿਬ ਦਾ ਸ਼ੁੱਧ ਪਾਠ ਇਕ ਮਨ, ਇਕ ਚਿੱਤ ਅਤੇ ਪ੍ਰੇਮ ਨਾਲ ਸੁਣਾਏ।" ਇਕ ਸਿੱਖ ਭਾਈ ਗੋਪਾਲਾ ਜੀ ਗਲ ਵਿਚ ਪੱਲਾ ਪਾ ਕੇ ਉੱਠੇ ਅਤੇ ਪਾਤਸ਼ਾਹ ਜੀ ਨੇ ਉਸ ਨੂੰ ਆਪਣੇ ਕੋਲ ਬਿਠਾ ਕੇ ਪਾਠ ਸਰਵਣ ਕੀਤਾ। ਜਿਉਂ-ਜਿਉਂ ਪਾਠ ਹੁੰਦਾ ਜਾਏ, ਪਾਤਸ਼ਾਹ ਜੀ ਗੁਰਗੱਦੀ ਛੱਡਦੇ ਜਾਣ। ਜਿਸ ਵੇਲੇ ਜਪੁਜੀ ਸਾਹਿਬ ਦੀਆਂ ਅਖੀਰਲੀਆਂ ਪਉੜੀਆਂ ਤੇ ਪਾਠ ਪਹੁੰਚਾ ਤਾਂ ਮਹਾਰਾਜ ਫਿਰ ਗੁਰਗੱਦੀ ਤੇ ਬਿਰਾਜਮਾਨ ਹੋ ਗਏ ਤੇ ਅਹਿਲਕਾਰ ਨੂੰ ਇਕ ਸੁਹਣਾ ਘੋੜਾ ਭਾਈ ਗੋਪਾਲੇ ਨੂੰ ਦੇਣ ਲਈ ਆਖਿਆ ਅਤੇ ਕਹਿਣ ਲੱਗੇ, "ਅਸੀਂ ਤਾਂ ਗੁਰਸਿੱਖ ਨੂੰ ਇਸ ਦੇ ਸ਼ੁੱਧ, ਸਪਸ਼ਟ ਅਤੇ ਪ੍ਰੇਮ ਭਰੇ ਪਾਠ ਤੋਂ ਖੁਸ਼ ਹੋ ਕੇ, ਗੁਰਗੱਦੀ ਬਖਸ਼ਣ ਲੱਗੇ ਸਾਂ, ਪਰ ਇਸ ਨੇ ਘੋੜੇ ਦੀ ਹੀ ਮੰਗ ਕਰ ਲਈ ਹੈ।"

ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸਪੁੱਤਰੀ ਬੀਬੀ ਵੀਰੋ ਜੀ ਦੇ ਵਿਆਹ ਸਮੇਂ ਮੁਗ਼ਲਾਂ ਨੇ ਅੰਮ੍ਰਿਤਸਰ ਸਾਹਿਬ ਤੇ ਹਮਲਾ ਕਰਕੇ ਸਾਰਾ ਮਾਲ ਅਸਬਾਬ ਤੇ ਸਮੱਗਰੀ ਲੁੱਟ

ਲਈ ਤੇ ਬੀਬੀ ਜੀ ਦਾ ਵਿਆਹ ਝਬਾਲ ਪਿੰਡ ਜਾ ਕੇ ਕੀਤਾ। ਇਤਨੀ ਭੀੜ ਸਮੇਂ ਭੀ, ਗੁਰੂ ਮਹਾਰਾਜ ਜੀ ਸ੍ਰੀ ਹਰਿਮੰਦਰ ਸਾਹਿਬ ਤੋਂ ਆਦਿ ਗ੍ਰੰਥ ਸਾਹਿਬ ਦੀ ਬੀੜ ਨੂੰ ਸੰਭਾਲ ਕੇ ਸਾਥ ਲੈ ਗਏ ਸਨ।

ਇਸੇ ਬਾਣੀ ਦਾ ਸਤਿਕਾਰ ਕਰਦਿਆਂ ਗੁਰੂ ਹਰਿਰਾਇ ਸਾਹਿਬ ਜੀ ਨੇ ਆਪਣੇ ਸਪੁੱਤਰ ਰਾਮ ਰਾਇ ਜੀ ਨੂੰ ਬਾਣੀ ਦਾ ਇਕ ਸ਼ਬਦ ਮੁਸਲਮਾਨ ਨੂੰ ਉਲਟਾ ਕੇ ਬੇਈਮਾਨ ਕਹਿਣ ਕਰਕੇ ਹਮੇਸ਼ਾ ਲਈ ਛੇਕ ਦਿੱਤਾ ਸੀ।

ਇਕ ਦਿਨ ਗੁਰੂ ਹਰਿਰਾਇ ਸਾਹਿਬ ਗਰਮੀਆਂ ਦੀ ਰੁੱਤੇ ਇਕ ਭੋਰੇ ਅੰਦਰ ਪਲੰਘ ਤੇ ਆਰਾਮ ਕਰ ਰਹੇ ਸਨ ਕਿ ਕਿਸੇ ਸਿੱਖ ਨੇ ਹੇਠਾਂ ਬੈਠਿਆਂ ਪਾਠ ਕਰਨਾ ਸ਼ੁਰੂ ਕਰ ਦਿੱਤਾ। ਬਾਣੀ ਕੰਨੀਂ ਪੈਂਦਿਆਂ ਆਪ ਜੀ ਕਾਹਲੀ ਵਿਚ ਉੱਠੇ ਤਾਂ ਸੱਟ ਲੱਗ ਕੇ ਜ਼ਖਮੀ ਹੋ ਗਏ। ਆਪ ਜੀ ਨੇ ਕਿਹਾ, "ਭਾਈ ਜੀ, ਸਾਨੂੰ ਬਾਣੀ ਪੜ੍ਹਨ ਤੋਂ ਪਹਿਲਾਂ ਦੱਸ ਦੇਣਾ ਸੀ, ਅਸੀਂ ਭੀ ਹੇਠਾਂ ਬੈਠ ਜਾਂਦੇ। ਬਾਣੀ ਪੜ੍ਹਨ ਵਾਲੇ ਤੋਂ ਉੱਚੀ ਥਾਂ ਬੈਠਣਾ ਬਾਣੀ ਦੀ ਘੋਰ ਬੇ-ਅਦਬੀ ਹੈ।"

ਕਲਗੀਧਰ ਪਾਤਸ਼ਾਹ ਜੀ ਮੁਗ਼ਲਾਂ ਤੇ ਪਹਾੜੀ ਰਾਜਿਆਂ ਦੀਆਂ ਝੂਠੀਆਂ ਕਸਮਾਂ ਤੇ, ਸਾਰੀ ਸੰਗਤ ਅਤੇ ਪਰਵਾਰ ਸਮੇਤ ਅਨੰਦਪੁਰ ਸਾਹਿਬ ਨੂੰ ਖਾਲੀ ਕਰਕੇ ਰੋਪੜ ਵੱਲ ਨੂੰ ਜਾ ਰਹੇ ਸਨ ਕਿ ਅੰਮ੍ਰਿਤ ਵੇਲਾ ਹੋ ਗਿਆ। ਆਪ ਜੀ ਰੁਕ ਗਏ ਅਤੇ ਕਹਿਣ ਲੱਗੇ, "ਗੁਰਸਿੱਖੋ! ਆਸਾ ਜੀ ਦੀ ਵਾਰ ਦਾ ਵੇਲਾ ਹੈ, ਬੈਠ ਜਾਉ, ਦੀਵਾਨ ਲਾ ਕੇ ਬਾਣੀ ਦਾ ਕੀਰਤਨ ਸ਼ੁਰੂ ਕੀਤਾ।" ਗੱਲ ਕੀ ਘੋਰ ਬਿਪਤਾ ਦੇ ਸਮੇਂ ਵੀ ਬਾਣੀ ਦਾ ਵੇਲਾ ਨਹੀਂ ਖੁੰਝਾਇਆ।

ਕਲਗੀਧਰ ਪਾਤਸ਼ਾਹ ਜੀ ਲੰਘ ਰਹੇ ਸਨ ਕਿ ਇਕ ਸਿੱਖ ਕੋਨੇ ਬੈਠਾ ਪਾਠ ਕਰ ਰਿਹਾ ਸੀ। ਉਸ ਵੇਲੇ ਤੁਕ ਸੀ ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ"। ਇਸ ਦਾ ਅਰਥ ਹੈ ਕਿ ਕਰਤੇ ਦੀ ਹੱਦ ਨੂੰ ਜਾਂ ਉਸ ਦੀ ਕਰਨੀ ਨੂੰ ਕਰਤਾ ਆਪ ਜਾਣਦਾ ਹੈ ਜਾਂ ਸੂਰਾ ਗੁਰੂ। ਪਰ ਉਹ ਸਿੱਖ "ਕੈ" ਨੂੰ "ਕੇ" ਕਰਕੇ ਪੜ੍ਹ ਰਿਹਾ ਸੀ, ਜਿਸ ਦਾ ਅਰਥ ਉਲਟ ਜਾਂਦਾ ਸੀ ਕਿ "ਕਰਤਾਰ ਦੇ ਕਰਣਿਆਂ ਨੂੰ ਸੂਰਾ ਗੁਰੂ ਕੀ ਜਾਣਦਾ ਹੈ?" ਕਲਗੀਧਰ ਪਾਤਸ਼ਾਹ ਜੀ ਗ਼ਲਤ ਬਾਣੀ ਪੜ੍ਹੀ ਜਾਂਦੀ ਸੁਣ ਕੇ ਖੜੋ ਗਏ, ਸਿੱਖ ਨੂੰ ਸਹੀ ਅਰਥ ਸਮਝਾਏ ਤੇ ਅੱਗੇ ਲਈ ਤਾੜਨਾ ਕੀਤੀ ਅਤੇ ਫ਼ੁਰਮਾਇਆ ਕਿ "ਬਾਣੀ ਸੋਚ ਸਮਝ ਕੇ, ਧਿਆਨ ਅਤੇ ਪ੍ਰੇਮ ਨਾਲ ਪੜ੍ਹਣੀ ਚਾਹੀਦੀ ਹੈ।"

ਸੰਤ ਭਾਈ ਰਾਮ ਕਿਸ਼ਨ ਜੀ ਸ਼ਾਹਪੁਰ (ਪਾਕਿਸਤਾਨ) ਦੇ ਪ੍ਰਸਿੱਧ ਕਰਨੀ ਵਾਲੇ ਮਹਾਂਪੁਰਸ਼ ਹੋਏ ਹਨ। ਆਪ ਜੀ ਦਾ ਜਨਮ ੧੭੯੨ ਈਸਵੀ ਵਿਚ ਸਿੱਖ ਮਿਸਲਾਂ ਦੇ ਵੇਲੇ ਹੋਇਆ। ਆਪ ਦਾ ਸੁਭਾਅ ਜਨਮ ਤੋਂ ਹੀ ਸ਼ਾਂਤ-ਚਿੱਤ, ਸੰਤੋਖੀ, ਧੀਰਜ ਵਾਲਾ ਅਤੇ ਕੋਮਲ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਪਿਆਰ ਐਨਾ ਡੂੰਘਾ ਸੀ ਕਿ ਜਦ ਰਾਤ ਵੇਲੇ ਸਤਿਗੁਰਾਂ ਦਾ ਅਸਵਾਰਾ ਕਰਦੇ ਸਨ ਤਾਂ ਬੜੇ ਰਸ-ਭਿੰਨੇ ਨੈਣਾਂ ਅਤੇ ਵੈਰਾਗਮਈ ਸ਼ਬਦਾਂ ਨਾਲ ਕਹਿੰਦੇ "ਕਿਵ ਜੀਸਾਂ? ਆਪ ਦੇ ਦਰਸ਼ਨ ਬਿਨਾਂ, ਕਿਵ ਰਾਤ ਲੰਘਸੀ?" ਸਤਿਗੁਰਾਂ ਨੂੰ ਸੁਖ-ਆਸਣ ਅਸਥਾਨ ਤੇ ਰੱਖ ਕੇ, ਸਿਰ ਤਖ਼ਤ ਪੋਸ਼ ਤੇ ਮੰਜੀ ਸਾਹਿਬ ਦੇ ਪਾਵੇ ਨਾਲ ਜੋੜ ਕੇ ਨਾਮ ਵਿਚ ਮਸਤ ਹੋ ਜਾਣਾ। ਇਸ ਤਰ੍ਹਾਂ ਜਿਹੜੀ ਨੀਂਦ ਪੈ ਗਈ, ਸੋ ਪੈ ਗਈ। ਭਾਈ ਸਾਹਿਬ ਲੱਤਾਂ ਪਸਾਰ ਕੇ ਘੱਟ ਹੀ ਸੌਂਦੇ ਸਨ। ਅੰਮ੍ਰਿਤ ਵੇਲੇ, ਬਾਬਾ ਜੀ ਦੇ ਪ੍ਰਕਾਸ਼ ਕਰਨ ਦਾ ਚਾਉ ਚੜ੍ਹ ਜਾਣਾ। "ਧੰਨ ਸੁ ਵੇਲਾ ਜਿਤ ਦਰਸਨ ਕਰਣਾ" ਆਦਿ ਸ਼ਬਦ ਚਾਉ ਤੇ ਪ੍ਰੇਮ ਨਾਲ ਪੜ੍ਹਨੇ ਕਿ ਸੁਣਨ ਵਾਲਿਆਂ ਦੇ ਨੇਤ੍ਰ ਪ੍ਰੇਮ ਅਤੇ ਚਾਉ ਨਾਲ ਭਰ ਜਾਣੇ। ਆਪ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਨਾਨਕ ਦੇਵ ਜੀ ਦਾ ਪ੍ਰਤੱਖ ਸਰੂਪ ਸਮਝਦੇ ਅਤੇ ਕਈ-ਕਈ ਦਿਨ "ਧੰਨ ਗੁਰ ਨਾਨਕ" ਦੀ ਧੁਨ ਵਿਚ ਮਗਨ ਰਹਿੰਦੇ ਸਨ।

ਭਾਈ ਬੁੱਧੂ ਸਾਹਿਬ ਅੱਡਣਸ਼ਾਹੀ ਜੀ ਦਾ ਜਨਮ ਤਕਰੀਬਨ ੧੭੯੫ ਵਿਚ ਜ਼ਿਲ੍ਹਾ ਝੰਗ (ਪਾਕਿਸਤਾਨ) ਵਿਖੇ ਹੋਇਆ, ਮਗਰੋਂ ਆਪ ਜੀ ਭੇਹਰੇ, ਜ਼ਿਲ੍ਹਾ ਮੁਲਤਾਨ (ਪਾਕਿਸਤਾਨ) ਸੰਤ ਦੁਖਭੰਜਨ ਜੀ ਦੇ ਡੇਰੇ ਚਲੇ ਗਏ।

ਇਕ ਵੇਰੀਂ ਮਹਾਰਾਜਾ ਰਣਜੀਤ ਸਿੰਘ ਭੇਹਰੇ ਆਏ ਤੇ ਭਾਈ ਬੁੱਧੂ ਸਾਹਿਬ ਦੇ ਦਰਸ਼ਨਾਂ ਲਈ ਉਚੇਚੇ ਡੇਰੇ ਵੱਲ ਹੋ ਗਏ। ਸਤਿਕਾਰ ਵਜੋਂ ਘੋੜੇ ਤੋਂ ਉਤਰ ਪਏ ਤੇ ਪੈਦਲ ਤੁਰਦੇ ਗੁਰਦੁਆਰੇ ਪੁੱਜੇ। ਬਾਹਰ ਦਰਵਾਜ਼ੇ ਅੱਗੇ ਇਕ ਵਿਅਕਤੀ ਖੜ੍ਹਾ ਵੇਖਿਆ ਤੇ ਪੁੱਛਿਆ, "ਭਾਈ ਬੁੱਧੂ ਸਾਹਿਬ ਕਿਥੇ ਹਨ? ਉਨ੍ਹਾਂ ਦੇ ਦਰਸ਼ਨ ਕਰਨੇ ਹਨ?" ਅਗੋਂ ਜਵਾਬ ਮਿਲਿਆ "ਬੁੱਧੂ" ਤਾਂ ਇਹ ਹੀ ਹੈ, ਸੋ ਹਾਜ਼ਰ ਹੈ ਤੇ ਸਾਹਿਬ ਅੰਦਰ ਹਨ, ਅੰਦਰ ਚੱਲ ਕੇ ਉਨ੍ਹਾਂ ਦੇ ਦਰਸ਼ਨ ਕਰੋ, ਮੱਥਾ ਟੇਕੋ ਤੇ ਜਨਮ ਸਫ਼ਲਾ ਕਰੋ।" ਆਪ ਮਹਾਰਾਜਾ ਦੇ ਨਾਲ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਤਿਕਾਰ ਸਹਿਤ ਮੱਥਾ ਟੇਕਿਆ। ਮਹਾਰਾਜੇ ਨੇ ਭੀ ਮੱਥਾ ਟੇਕਿਆ ਅਤੇ ਇਕ ਸ਼ਬਦ ਸਰਵਣ ਕੀਤਾ। ਬਾਹਰ ਆਉਂਦਿਆਂ ਹੀ ਮਹਾਰਾਜੇ ਨੇ ਭਾਈ ਸਾਹਿਬ ਦੀ ਨਿਮਰਤਾ ਦੇਖ ਕੇ ਉਨ੍ਹਾਂ ਦੇ ਚਰਨ ਫੜ ਲਏ ਅਤੇ ਕੋਈ ਟਹਿਲ ਸੇਵਾ ਕਰਨ ਦੀ ਅਰਜ਼ ਕੀਤੀ। ਭਾਈ ਸਾਹਿਬ ਦੇ ਨੇਤ੍ਰਾਂ ਤੋਂ ਜਲ ਜਾ ਰਿਹਾ ਸੀ ਤੇ ਉਨ੍ਹਾਂ ਦੇ ਗਲੇ ਤੋਂ ਇਹ ਆਵਾਜ਼ ਸੁਣਾਈ

ਦਿੱਤੀ-"ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਤੁਸੀਂ ਧੰਨ ਹੋ, ਧੰਨ ਹੋ, ਨੀਚਾਂ ਦੇ ਨਿਵਾਜਣ ਵਾਲੇ, ਤੁਸੀਂ ਹੀ ਹੋ, ਮੈਂ ਤਾਂ ਆਪਦੇ ਦਰ ਦਾ ਕੀਟ ਹਾਂ।" ਭਾਈ ਬੁੱਧੂ ਸਾਹਿਬ ਜੀ ਕੋਲ ਕੋਈ ਲੋੜਵੰਦ ਆ ਜਾਂਦਾ ਤਾਂ ਉਸ ਨੂੰ ਸਤਿਗੁਰਾਂ ਦੀ ਹਜ਼ੂਰੀ ਵਿਚ ਲੈ ਜਾਣਾ ਤੇ ਕਹਿਣਾ "ਮੈਂ ਤਾਂ ਕੰਗਾਲ ਹਾਂ, ਇਹ ਸੱਚੇ ਸ਼ਾਹ ਹਨ, ਮੰਗ ਲਓ ਜੋ ਕੁਝ ਮੰਗਣਾ ਹੈ।"

ਭਾਈ ਵੀਰ ਸਿੰਘ ਜੀ (੧੮੭੨-੧੯੫੭) ਇਕ ਉੱਚ ਕੋਟੀ ਦੇ ਸਾਹਿਤਕਾਰ, ਕਵੀ ਅਤੇ ਮਾਤ-ਭਾਸ਼ਾ ਪੰਜਾਬੀ ਨੂੰ ਉਜਾਗਰ ਕਰਨ ਵਾਲੇ ਮਹਾਨ ਵਿਅਕਤੀ ਹਨ। ਆਪ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜਾਗਤ-ਜੋਤਿ ਅਤੇ ਦਸਾਂ ਪਾਤਸ਼ਾਹੀਆਂ ਦਾ ਪ੍ਰਤੱਖ ਸਰੂਪ ਮੰਨਦੇ ਸੀ। ਆਪ ਜੀ ਜਦੋਂ ਵੀ ਆਪਣੇ ਨਿਵਾਸ ਤੋਂ ਬਾਹਰ ਜਾਂਦੇ, ਸਭ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਭਰਦੇ, ਅਰਦਾਸ ਵਿਚ ਜੁੜਦੇ ਅਤੇ ਫਿਰ ਹੋਰ ਲਿਖਣ, ਪੜ੍ਹਣ ਦੀ ਸੇਵਾ ਵਿਚ ਰੁਝਦੇ ਸਨ। ਉਹ ਸਤਿਗੁਰਾਂ ਨੂੰ ਕੀ ਸਮਝਦੇ ਸਨ ਇਸ ਦਾ ਵਰਨਣ ਉਨ੍ਹਾਂ ਨੇ "ਸੰਥਯਾ ਪੋਥੀ ਪਹਿਲੀ" ਦੀ ਭੂਮਿਕਾ ਵਿਚ ਉਲੀਕਿਆ ਹੈ।

ਆਪਣੇ ਜੀਵਨ ਦੇ ਆਖਰੀ ਸਾਲਾਂ ਵਿਚ ਆਪ ਜੀ ਸਿਆਲ ਦੀ ਰੁੱਤੇ ਬੰਬਈ ਚਲੇ ਜਾਇਆ ਕਰਦੇ ਸੀ। ਇਕ ਦਫ਼ਾ ਕਿਸੇ ਦੇ ਘਰ ਦੇ ਸਤਿਸੰਗ ਸਮਾਪਤੀ ਮਗਰੋਂ ਇਕ ਸੱਜਣ ਬੂੰਦੀ ਦਾ ਥਾਲ ਸੰਗਤ ਵਿਚ ਵੰਡਣ ਤੋਂ ਪਹਿਲੋਂ ਭਾਈ ਸਾਹਿਬ ਨੂੰ ਛਾਂਦਾ ਦੇਣ ਲਈ ਆਇਆ। ਆਪ ਜੀ ਨੇ ਪੁੱਛਿਆ, ਇਹ ਕੀ ਹੈ? ਉਨ੍ਹਾਂ ਦੱਸਿਆ: "ਬੂੰਦੀ ਦਾ ਪ੍ਰਸ਼ਾਦ ਹੈ।" ਭਾਈ ਸਾਹਿਬ ਜੀ ਨੇ ਕਿਹਾ ਕਿ ਜਿਹੜੀ ਚੀਜ਼ ਸਤਿਗੁਰਾਂ ਦੇ ਹਜ਼ੂਰ ਅਰਦਾਸਾ ਸੋਧ ਕੇ ਅਤੇ ਭੋਗ ਲਗਾ ਕੇ ਵੰਡੀ ਜਾਏ, ਉਹ ਹੀ "ਗੁਰੂ ਦਾ ਪ੍ਰਸ਼ਾਦ ਹੈ, ਨਹੀਂ ਤਾਂ ਬੂੰਦੀ ਮਠਿਆਈ ਹੈ, ਪ੍ਰਸ਼ਾਦ ਨਹੀਂ"। ਇਸੇ ਤਰ੍ਹਾਂ ਇਕ ਸੱਜਣ ਭਾਈ ਸਾਹਿਬ ਜੀ ਕੋਲ ਇਕ ਬਦਾਮਾਂ ਦਾ ਥਾਲ ਲੈ ਕੇ ਹਾਜ਼ਰ ਹੋਇਆ ਤੇ ਕਿਹਾ ਕਿ ਆਪ ਆਪਣੀ ਹੱਥੀਂ ਪ੍ਰਸ਼ਾਦ ਦੂਸਰੇ ਸੱਜਣਾਂ ਨੂੰ ਵੰਡ ਦਿਉ। ਭਾਈ ਸਾਹਿਬ ਨੇ ਕਿਹਾ ਕਿ "ਅਸੀਂ ਸਾਰੇ ਸਿੱਖ ਹਾਂ ਸਤਿਗੁਰਾਂ ਨੂੰ ਅਰਪੇ ਬਦਾਮ ਹੀ ਪ੍ਰਸ਼ਾਦ ਹੋ ਕੇ ਵਰਤਾਏ ਜਾ ਸਕਦੇ ਹਨ।"

ਭਾਈ ਸਾਹਿਬ ਨੂੰ ਕਈ ਡਿਗਰੀਆਂ ਅਤੇ ਪੁਰਸਕਾਰਾਂ ਨਾਲ ਸਨਮਾਨਿਆ ਗਿਆ। ਪਰ ਆਪ ਇਨ੍ਹਾਂ ਨੂੰ ਲੈਣ ਨਹੀਂ ਗਏ। ਜਦ ਇਹ ਸਨਮਾਨ ਆਪ ਦੇ ਗ੍ਰਿਹਿ ਹਾਜ਼ਰ ਹੋਏ, ਇਹ ਸਤਿਗੁਰਾਂ ਦੀ ਹਜ਼ੂਰੀ ਹਾਜ਼ਰ ਕੀਤੇ ਗਏ, ਫਿਰ ਪ੍ਰਸ਼ਾਦ ਵਜੋਂ ਆਪ ਜੀ

ਨੇ ਕਬੂਲੇ, ਆਪ ਜੀ ਕਹਿੰਦੇ ਸਨ ਕਿ ਸਤਿਗੁਰਾਂ ਦੇ ਦਰ ਦੀ ਖ਼ਾਕ ਜਗਤ ਦੇ ਸਭ ਸਨਮਾਨਾਂ, ਇੱਜ਼ਤਾਂ ਤੇ ਮਾਣਾਂ ਤੋਂ ਸਰਵੋਤਮ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਾਕੀ ਸਭ ਧਰਮਾਂ ਦੇ ਗ੍ਰੰਥਾਂ ਤੋਂ ਇਹ ਵਿਲੱਖਣਤਾ ਹੈ ਕਿ ਬਾਕੀ ਧਰਮ ਪੈਰੋਕਾਰਾਂ ਵਿਚੋਂ ਕਿਸੇ ਇਕ ਨੇ ਭੀ ਆਪਣੇ ਜੀਵਨ-ਕਾਲ ਵਿਚ ਇਕ ਸਤਰ ਤਕ ਵੀ ਆਪਣੇ ਹੱਥੀਂ ਨਹੀਂ ਲਿਖੀ, ਜਿਸ ਤੋਂ ਉਨ੍ਹਾਂ ਦੇ ਆਸ਼ੇ ਜਾਂ ਨਿਯਮਾਂ ਦੀ ਸਿੰਮ੍ਰਿਤੀ ਬਣ ਸਕੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਜੂਦ ਹੀ ਇਕ ਐਸਾ ਹੈ, ਜਿਸ ਦੀ ਹੋਂਦ ਆਪਣੇ ਆਦਿ ਰੂਪ ਵਿਚ ਗੁਰੂ ਸਾਹਿਬਾਨ ਦੇ ਵੇਲੇ ਹੀ ਵਿਦਮਾਨ ਹੋਈ। ਫਿਰ ਇਹ ਇਕ ਐਸਾ ਅਤੇ ਇਕੱਲਾ ਗ੍ਰੰਥ ਹੈ ਜਿਸ ਨੂੰ ਗੁਰੂ ਪਦਵੀ ਪ੍ਰਾਪਤ ਹੈ ਅਤੇ ਪੂਰੇ ਸਤਿਕਾਰ ਨਾਲ ਇਕ ਜਗ੍ਹਾ ਤੋਂ ਦੂਸਰੀ ਜਗ੍ਹਾ ਲਿਜਾਇਆ ਜਾਂਦਾ ਹੈ। ਇਕ ਹੀ ਗ੍ਰੰਥ ਹੈ, ਜਿਸ ਨੂੰ ਸੱਚਾ ਪਾਤਸ਼ਾਹ, ਸਿਰ ਸਾਹਾਂ ਦੇ ਸ਼ਾਹ, ਜਗਦੀ ਜੋਤਿ ਅਤੇ ਪਰਮਾਤਮਾ ਦਾ ਪ੍ਰਤੱਖ ਰੂਪ ਕਰਕੇ ਜਾਣਿਆ ਤੇ ਬੁਲਾਇਆ ਜਾਂਦਾ ਹੈ। ਸਿੱਖ ਪਲਟਨਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ "ਜਨਰਲ ਸਲੂਟ" ਨਾਲ ਸਨਮਾਨਿਆ ਜਾਂਦਾ ਹੈ। ਹਿੰਦੁਸਤਾਨੀ ਸੁਪਰੀਮ ਕੋਰਟ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਇਨਸਾਨ ਦੇ ਕਾਨੂੰਨੀ ਹੱਕਾਂ (juristic person) ਦਾ ਅਧਿਕਾਰ ਦਿੱਤਾ ਹੈ। ਇਹ ਇੱਜ਼ਤ ਤੇ ਅਧਿਕਾਰ ਕਿਸੇ ਹੋਰ ਗ੍ਰੰਥ ਨੂੰ ਹਾਸਲ ਨਹੀਂ ਹਨ। ਕੋਈ ਭੀ ਚੀਜ਼ ਇਸ ਗੁਰਾਂ ਕੀ ਦੇਹ ਨੂੰ ਛੋਹ ਜਾਏ ਤਾਂ ਉਹ ਪਵਿੱਤਰ ਸਮਝੀ ਜਾਂਦੀ ਹੈ।

ਜਦ ਕਲਗੀਧਰ ਪਾਤਸ਼ਾਹ ਜੀ ਨੇ ਦੇਹਧਾਰੀ ਗੁਰੂਆਂ ਦੀ ਪਰੰਪਰਾ ਨੂੰ ਖ਼ਤਮ ਕਰਕੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੱਦੀ ਸੌਂਪੀ ਸੀ ਤਾਂ ਸਿੱਖਾਂ ਦੇ ਪ੍ਰਸ਼ਨ ਤੇ ਕਿ ਤੁਹਾਡੇ ਦਰਸ਼ਨ ਕਿਉਂ ਕਰ ਹੋਣਗੇ ਤਾਂ ਪਾਤਸ਼ਾਹ ਜੀ ਨੇ ਫ਼ੁਰਮਾਇਆ ਸੀ ਕਿ ਜਿਹੜਾ ਸਿੱਖ ਸਤਿਕਾਰ ਤੇ ਪ੍ਰੇਮ ਸਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ-ਦੀਦਾਰ ਕਰੇਗਾ ਅਤੇ ਪ੍ਰੇਮ ਸਹਿਤ ਪਾਠ ਪੜ੍ਹੇਗਾ ਅਤੇ ਸੁਣੇਗਾ ਉਸ ਨੂੰ ਸਾਡੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਦਰਸ਼ਨ ਹੋ ਜਾਇਆ ਕਰਨਗੇ। ਇਸ ਫ਼ੁਰਮਾਣ ਦਾ ਇਹ ਭਾਵ ਹੈ ਕਿ ਉਨ੍ਹਾਂ ਦੇ ਦੇਹੀ ਰੂਪ ਅਤੇ ਸ਼ਬਦ ਰੂਪ ਵਿਚ ਕੋਈ ਭਿੰਨ-ਭੇਦ ਨਹੀਂ ਹੈ, ਸਭ ਇਕੋ ਹੀ ਜੋਤਿ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੱਚਾ ਤੇ ਲਾਹੇਵੰਦ ਸਤਿਕਾਰ ਇਨ੍ਹਾਂ ਦੀ ਇਲਾਹੀ ਬਾਣੀ ਨੂੰ ਇਕ ਮਨ, ਅਤੇ ਪ੍ਰੇਮ ਨਾਲ ਪੜ੍ਹਨ, ਗਾਵਣ, ਸੁਣਨ ਤੇ ਇਸ ਤੇ ਆਪਣੇ ਜੀਵਨ ਨੂੰ ਢਾਲਣ ਵਿਚ ਹੈ। ਗੁਰੂ ਰਾਮਦਾਸ ਪਾਤਸ਼ਾਹ ਜੀ ਦਾ ਦਰਬਾਰ ਲੱਗ ਰਿਹਾ ਸੀ ਕਿ ਇਕ ਸਿੱਖ ਉਠਿਆ ਤੇ ਗਲ ਵਿਚ ਪੱਲਾ ਪਾ ਕੇ ਬੇਨਤੀ ਕੀਤੀ: "ਸੱਚੇ

ਪਾਤਸ਼ਾਹ ਜੀ, ਅਸੀਂ ਸਿੱਖ ਸੇਵਕ ਆਪ ਜੀ ਦੇ ਦਰ ਆਉਂਦੇ ਹਾਂ, ਮੱਥਾ ਟੇਕਦੇ ਹਾਂ, ਸ਼ਰਧਾ ਦੇ ਫੁੱਲ ਭੇਟਾ ਕਰਦੇ ਹਾਂ, ਫਿਰ ਆਪ ਜੀ ਦੀ ਬਾਣੀ ਪੜ੍ਹਦੇ-ਸੁਣਦੇ ਹਾਂ। ਕੀ ਇਹ ਸਾਡੇ ਕਰਮ-ਧਰਮ ਪਰਲੋਕ ਵਿਚ ਸਹਾਈ ਹੋਣਗੇ?" ਸਤਿਗੁਰਾਂ ਨੇ ਫ਼ੁਰਮਾਇਆ: ਗੁਰਸਿੱਖੋ! ਜਿਹੜਾ ਕਰਮ ਤੁਸੀਂ ਪ੍ਰੇਮ ਭਾਵਨਾ ਨਾਲ ਕਰਦੇ ਹੋ, ਇਸ ਨਾਲ ਤਹਾਨੂੰ ਮਾਨਸ ਦੇਹੀ ਫਿਰ ਮਿਲ ਸਕਦੀ ਹੈ, ਪਰ ਸਾਂਈਂ ਨਾਲ ਮੇਲ ਉਸ ਦੀ ਮਿਹਰ ਨਾਲ ਹੀ ਮਿਲਦਾ ਹੈ-"ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ"। ਮਿਹਰ ਲੈਣ ਲਈ, ਸਤਿਗੁਰਾਂ ਦੀਆਂ ਦੋ ਆਗਿਆ (ਹੁਕਮਾਂ) ਨੂੰ ਸਤਿ ਸਤਿ ਕਰਕੇ ਮੰਨਣਾ ਪਵੇਗਾ : ਪਹਿਲਾ ਸਤਿ-ਵਾਹਿਗੁਰੂ ਹੈ "ਹੈ ਭੀ ਸਚੁ"- ਸਾਡੇ ਅੰਦਰ ਤੇ ਵਿਆਪਕ ਹੈ-ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ- ਉਸ ਦੀਆਂ ਗੁਣ-ਵਡਿਆਈਆਂ ਦਾ ਵੀਚਾਰ ਕਰਕੇ ਉਸ ਦਾ ਸੱਚਾ ਨਾਮ ਜਪਣਾ। ਦੂਸਰਾ ਸਤਿ-ਜੋ ਗੁਰਬਾਣੀ ਕਹਿੰਦੀ ਹੈ, ਇਸ ਨੂੰ ਸਤਿ ਕਰਕੇ ਮੰਨਣਾ-ਸਤਿਗੁਰ ਕੀ ਬਾਣੀ ਸਤਿ ਸਤਿ ਹੈ- ਇਸ ਨੂੰ ਪ੍ਰੇਮ ਨਾਲ ਗਾਵਣਾ, ਪੜ੍ਹਣਾ ਤੇ ਵਾਚਣਾ। ਫਿਰ ਸਾਡਾ ਗਾਵਿਆ-ਸੁਣਿਆ ਪਰਲੋਕ ਵਿਚ ਸਹਾਈ ਹੋਵੇਗਾ-"ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ, ਜਿਨਿ ਸਤਿਗੁਰ ਕੀ ਆਗਿਆ ਸਤਿ ਸਤਿ ਕਰ ਮਾਨੀ।"

ਦਸ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕੋਈ ਭਿੰਨ-ਭੇਦ ਨਹੀਂ ਹੈ, ਇਕੋ ਹੀ ਜੋਤਿ ਹੈ। ਜਿਹੜੀ ਨਿਰੰਕਾਰੀ ਜੋਤਿ ਗੁਰੂ ਸਾਹਿਬਾਨ ਦੀ ਕਾਂਇਆਂ ਵਿਚ ਪਲਟਦੀ ਰਹੀ ਹੈ, ਉਹੀ ਜੋਤਿ ਹੁਣ ਸ਼ਬਦ-ਰੂਪ ਧਾਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜਗ-ਮਗਾ ਰਹੀ ਹੈ।

ਗੁਰੂ ਸਾਹਿਬਾਨ ਨੇ ਆਪਣੇ ਜੀਵਨ-ਕਾਲ ਵਿਚ ਭੀ ਗੁਰ-ਸ਼ਬਦ ਨੂੰ ਹੀ ਪ੍ਰਮੁਖਤਾ ਦਿੱਤੀ ਸੀ। ਜਿਸ ਪ੍ਰੇਮ ਅਤੇ ਸ਼ਰਧਾ ਨਾਲ ਗੁਰੂ ਸਾਹਿਬਾਨ ਅਤੇ ਮਹਾਂਪੁਰਸ਼ਾਂ ਨੇ ਬਾਣੀ ਦਾ ਸਨਮਾਨ ਕੀਤਾ ਹੈ, ਸਾਡਾ ਭੀ ਸ੍ਰੇਸ਼ਟ ਕਰਮ-ਧਰਮ ਬਣਦਾ ਹੈ ਕਿ ਅਸੀਂ ਭੀ "ਦਸਾਂ ਪਾਤਸ਼ਾਹੀਆਂ ਦੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਦਾ ਪੂਰਨ ਵਿਸ਼ਵਾਸ ਤੇ ਭਰੋਸੇ ਨਾਲ ਸਤਿਕਾਰ ਕਰੀਏ!

# NOTES

# SRI GURU GRANTH SAHIB JI ACADEMY

2ND FLOOR WISMA TATT KHALSA,
NO.24 JALAN RAJA ALANG, 50480
KUALA LUMPUR, MALAYSIA

EMAIL: sggsacademy@gmail.com

WEBSITE: www.sggsacademy.com

A Sri Guru Granth Sahib Ji Academy Publication